Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

Vol : 4 : # ਅੰਕ 343 | 09/06/2026 | www.samajweekly.com | samajweekly | @samajweekly | samajweekly

# ‘ਇੰਡੀਆ’ ਗੱਠਜੋੜ ਨੇ ਇਕਜੁੱਟਤਾ ਦਿਖਾਈ

**ਨਵੀਂ ਦਿੱਲੀ।** ਵਿਰੋਧੀ ਧਿਰਾਂ ਦੇ ਗੱਠਜੋੜ ‘ਇੰਡੀਆ’ ’ਚ ਸ਼ਾਮਲ ਪਾਰਟੀਆਂ ਦੇ ਆਗੂਆਂ ਨੇ ਅੱਜ ਇਥੇ ਮੀਟਿੰਗ ਕਰ ਕੇ ਇਕਜੁੱਟਤਾ ਦਾ ਮੁਜ਼ਾਹਰਾ ਕਰਦਿਆਂ ਸਰਕਾਰ ਨੂੰ ਐੱਸ ਆਈ ਆਰ, ਨੀਟ-ਸੀ ਬੀ ਐੱਸ ਈ ਵਿਵਾਦ ਅਤੇ ਆਰਥਿਕ ਹਾਲਾਤ ਜਿਹੇ ਮੁੱਦਿਆਂ ’ਤੇ ਘੇਰਨ ਦਾ ਐਲਾਨ ਕੀਤਾ ਹੈ। ‘ਇੰਡੀਆ’ ਗੱਠਜੋੜ ਨੇ ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘੀ ਪੜਤਾਲ (ਐੱਸ ਆਈ ਆਰ) ਦੇ ਮੁੱਦੇ ’ਤੇ ਦੇਸ਼ ਦੇ ਚੀਫ਼ ਜਸਟਿਸ ਨੂੰ ਪੱਤਰ ਲਿਖਣ ਦਾ ਫ਼ੈਸਲਾ ਕੀਤਾ ਹੈ। ਇਸ ਤੋਂ ਇਲਾਵਾ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਫੌਰੀ ਅਸਤੀਫ਼ੇ ਦੀ ਮੰਗ ਕੀਤੀ ਗਈ ਹੈ। ਮੀਟਿੰਗ ’ਚ ਡੀ ਐੱਮ ਕੇ, ‘ਆਪ’ ਅਤੇ ਤਾਮਿਲ ਨਾਡੂ ਦੀ ਹੁਕਮਰਾਨ ਧਿਰ ਟੀ ਵੀ ਕੇ ਦੇ ਆਗੂਆਂ ਨੇ ਹਿੱਸਾ ਨਹੀਂ ਲਿਆ।




ਮੀਟਿੰਗ ਮਗਰੋਂ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਵਿਰੋਧੀ ਧਿਰਾਂ ਦੇ ਆਗੂਆਂ ਨੇ ਪੰਜ ਮੁੱਦਿਆਂ ’ਤੇ ਸਹਿਮਤੀ ਜਤਾਈ ਹੈ। ਐੱਸ ਆਈ ਆਰ, ਵੋਟ ਲੁੱਟ ਅਤੇ ਚੋਣਾਂ ਦੀ ਚੋਰੀ ਦੇ ਮੁੱਦੇ ’ਤੇ ਛੇਤੀ ਹੀ ਚੀਫ ਜਸਟਿਸ ਨੂੰ ਪੱਤਰ ਭੇਜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਦੇਸ਼ ਦੀ ਖ਼ਰਾਬ ਆਰਥਿਕ ਹਾਲਤ, ਬੇਰੁਜ਼ਗਾਰੀ, ਮਹਿੰਗਾਈ, ਕਿਸਾਨੀ ਅਤੇ ਲੋਕ ’ਤੇ ਆਧਾਰਿਤ ਮੁੱਦਿਆਂ ’ਤੇ ਚਰਚਾ ਲਈ ਕੇਂਦਰ ਸਰਕਾਰ ਨੂੰ ਸਰਬ ਪਾਰਟੀ ਮੀਟਿੰਗ ਸੱਦਣ ਦੀ ਮੰਗ ਕੀਤੀ ਗਈ ਹੈ। ਖੜਗੇ ਨੇ ਕਿਹਾ ਕਿ ‘ਇੰਡੀਆ’ ਗੱਠਜੋੜ ਨੇ ਦੋ ਮਹੀਨਿਆਂ ’ਚ ਇਕ ਵਾਰ ਮੀਟਿੰਗ ਕਰਨ ਦਾ ਫ਼ੈਸਲਾ ਕੀਤਾ ਹੈ ਅਤੇ ਅਗਲੀ ਮੀਟਿੰਗ ਅਗਸਤ ’ਚ ਹੈਦਰਾਬਾਦ ’ਚ ਹੋਵੇਗੀ। ਸੂਤਰਾਂ ਮੁਤਾਬਕ ਮੀਟਿੰਗ ’ਚ 22 ਵਿਰੋਧੀ ਧਿਰਾਂ ਦੇ ਆਗੂਆਂ ਅਤੇ ਰਾਜ ਸਭਾ ਮੈਂਬਰ ਕਪਿਲ ਸਿੱਬਲ ਨੇ ਵੀ ਹਾਜ਼ਰੀ ਭਰੀ। ਉਂਝ ਖੜਗੇ ਨੇ ਪਹਿਲਾਂ ਆਖਿਆ ਸੀ ਕਿ 25 ਵਿਰੋਧੀ ਧਿਰਾਂ ਦੇ ਆਗੂਆਂ ਨੇ ਮੀਟਿੰਗ ਕੀਤੀ ਹੈ। ਪ੍ਰੈੱਸ ਕਾਨਫਰੰਸ ਦੌਰਾਨ ਖੜਗੇ ਦੇ ਨਾਲ ਰਾਹੁਲ ਗਾਂਧੀ, ਅਖਿਲੇਸ਼ ਯਾਦਵ, ਮਮਤਾ ਬੇਨਰਜੀ ਅਤੇ ਹੋਰ ਸੀਨੀਅਰ ਆਗੂ ਵੀ ਮੌਜੂਦ ਸਨ।

## ਭਗਵਾਨ ਬਿਰਸਾ ਮੁੰਡਾ ਜਯੰਤੀ

## ਜਨਜਾਤੀਅ ਗੌਰਵ ਦਿਵਸ

## ਅਦਾਰਾ ਸਮਾਜ ਵੀਕਲੀ ਵਲੋਂ ਕੋਟਿ-ਕੋਟਿ ਨਮਨ



# ਦੁਬਈ ਵਿੱਚ ਭਿਆਨਕ ਸੜਕ ਹਾਦਸਾ, 6 ਭਾਰਤੀਆਂ ਸਮੇਤ 8 ਲੋਕਾਂ ਦੀ ਮੌਤ, 5 ਦੀ ਹਾਲਤ ਗੰਭੀਰ

**ਦੁਬਈ :** ਦੁਬਈ ਦੇ ਐਮੀਰੇਟਸ ਰੋਡ ’ਤੇ ਸੋਮਵਾਰ ਨੂੰ ਇੱਕ ਦਰਦਨਾਕ ਮਿੰਨੀ-ਬੱਸ ਹਾਦਸੇ ’ਚ 6 ਭਾਰਤੀ ਨਾਗਰਿਕਾਂ ਸਮੇਤ ਘੱਟੋ-ਘੱਟ 8 ਲੋਕਾਂ ਦੀ ਮੌਤ ਹੋ ਗਈ ਹੈ। ਪੁਲਿਸ ਅਤੇ ਸਥਾਨਕ ਪ੍ਰਸ਼ਾਸਨ ਵੱਲੋਂ ਮਿਲੀ ਜਾਣਕਾਰੀ ਅਨੁਸਾਰ, ਮ੍ਰਿਤਕਾਂ ਵਿੱਚ 6 ਭਾਰਤੀ, ਇੱਕ ਨੇਪਾਲੀ ਅਤੇ ਇੱਕ ਸ਼੍ਰੀਲੰਕਾ ਦਾ ਨਾਗਰਿਕ ਸ਼ਾਮਲ ਹੈ। ਮ੍ਰਿਤਕ ਭਾਰਤੀਆਂ ਵਿੱਚੋਂ ਤਿੰਨ ਹੈਦਰਾਬਾਦ, ਦੋ ਉੱਤਰ ਪ੍ਰਦੇਸ਼ ਅਤੇ ਇਕ ਪੰਜਾਬ ਦਾ ਰਹਿਣ ਵਾਲਾ ਸੀ। ਇਹ ਹਾਦਸਾ ਉਸ ਵੇਲੇ ਵਾਪਰਿਆ ਜਦੋਂ ਦੁਬਈ ਦੀ ‘ਮੋਟਿਵ ਟੈਕਨੀਕਲ ਸਰਵਿਸ ਕੰਪਨੀ’ ਦੇ ਕਰਮਚਾਰੀਆਂ ਨੂੰ ਲੈ ਕੇ ਜਾ ਰਹੀ ਇੱਕ ਮਿੰਨੀ-ਬੱਸ ਸੜਕ ਕਿਨਾਰੇ ਖੜ੍ਹੇ ਇੱਕ ਟਰੱਕ ਦੇ ਪਿਛਲੇ ਹਿੱਸੇ ਨਾਲ ਜਾ ਟਕਰਾਈ। ਦੱਸਿਆ ਜਾ ਰਿਹਾ ਹੈ ਕਿ ਟਰੱਕ ਪਹਿਲਾਂ ਹੀ ਬੇਕਾਬੂ ਹੋ ਕੇ ਸੜਕ ਤੋਂ ਲਹਿ ਚੁੱਕਾ ਸੀ।



ਟੱਕਰ ਇੰਨੀ ਜ਼ਬਰਦਸਤ ਸੀ ਕਿ ਬੱਸ ਦੇ ਪਰਖੱਚੇ ਉੱਡ ਗਏ। ਦੁਬਈ ਪੁਲਿਸ ਨੇ ਦੱਸਿਆ ਕਿ ਇਸ ਹਾਦਸੇ ਵਿੱਚ ਅੱਠ ਹੋਰ ਲੋਕ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਹਨ, ਜਿਨ੍ਹਾਂ ਨੂੰ ਤੁਰੰਤ ਇਲਾਜ ਲਈ ਨੇੜਲੇ ਹਸਪਤਾਲਾਂ ਵਿੱਚ ਭਰਤੀ ਕਰਵਾਇਆ ਗਿਆ ਹੈ। ਜ਼ਖਮੀਆਂ ਵਿੱਚ ਦੋ ਭਾਰਤੀ ਨਾਗਰਿਕ ਵੀ ਸ਼ਾਮਲ ਹਨ। ਜ਼ਖਮੀਆਂ ਵਿੱਚੋਂ ਪੰਜ ਲੋਕਾਂ ਦੀ ਹਾਲਤ ਬੇਹੱਦ ਨਾਜ਼ੁਕ ਹੈ। ਪੁਲਿਸ ਵੱਲੋਂ ਮਾਮਲੇ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਹਾਦਸੇ ਦੇ ਅਸਲ ਕਾਰਨਾਂ ਦਾ ਪਤਾ ਲਗਾਇਆ ਜਾ ਸਕੇ।


# CHANGE OF NAME

I, **Rammehar** S/O Mr Subhash whose permanent address in India H No119, Near Water Tank, Rajgarh Dhobi, Narwana District Jind (Haryana)-126116 India, and is now living at 8 Rowlands Road, Dagenham – RM8 3DX, UK hereby gives notice of my intention to change my name to **Rammehar Beniwal** subject to the approval of The High Commission of India, London.


# ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ’ਚ ਆਈ ਗਿਰਾਵਟ

## ਸੋਨਾ 1100 ਰੁਪਏ ਅਤੇ ਚਾਂਦੀ 5000 ਰੁਪਏ ਹੋਈ ਸਸਤੀ

**ਨਵੀਂ ਦਿੱਲੀ :** ਕੌਮੀ ਰਾਜਧਾਨੀ ਨਵੀਂ ਦਿੱਲੀ ਵਿੱਚ ਸੋਮਵਾਰ ਨੂੰ ਸੋਨੇ ਦੀਆਂ ਕੀਮਤਾਂ 1,100 ਰੁਪਏ ਦੀ ਗਿਰਾਵਟ ਨਾਲ 1,58,800 ਰੁਪਏ ਪ੍ਰਤੀ 10 ਗ੍ਰਾਮ ਹੋ ਗਈਆਂ। ਇਹ ਗਿਰਾਵਟ ਵਿਸ਼ਵ ਬਾਜ਼ਾਰਾਂ ਵਿੱਚ ਕਮਜ਼ੋਰੀ, ਕੱਚੇ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਅਤੇ ਮਹਿੰਗਾਈ ਬਾਰੇ ਵਧਦੀਆਂ ਚਿੰਤਾਵਾਂ ਦੇ ਵਿਚਕਾਰ ਆਈ ਹੈ। ਸਥਾਨਕ ਸਰਾਫਾ ਵਪਾਰੀਆਂ ਮੁਤਾਬਕ 99.9 ਪ੍ਰਤੀਸ਼ਤ ਸ਼ੁੱਧਤਾ ਵਾਲਾ ਸੋਨਾ ਸ਼ੁੱਕਰਵਾਰ ਦੀ ਬੰਦ ਕੀਮਤ 1,59,900 ਰੁਪਏ ਪ੍ਰਤੀ 10 ਗ੍ਰਾਮ ਤੋਂ 1,100 ਰੁਪਏ ਡਿੱਗ ਕੇ 1,58,800 ਰੁਪਏ ਪ੍ਰਤੀ 10 ਗ੍ਰਾਮ (ਸਾਰੇ ਟੈਕਸਾਂ ਸਮੇਤ) ਰਹਿ ਗਈ।ਚਾਂਦੀ ਦੀਆਂ ਕੀਮਤਾਂ ਵਿੱਚ ਵੀ ਦਬਾਅ ਦੇਖਣ ਨੂੰ ਮਿਲਿਆ ਹੈ। ਇਹ 5,000 ਰੁਪਏ ਡਿੱਗ ਕੇ 2,55,700 ਰੁਪਏ ਪ੍ਰਤੀ ਕਿਲੋਗ੍ਰਾਮ (ਸਾਰੇ ਟੈਕਸਾਂ ਸਮੇਤ) ਰਹਿ ਗਈ ਹੈ। ਪਿਛਲੇ ਸੈਸ਼ਨ ਵਿੱਚ ਇਸਦੀ ਬੰਦ ਕੀਮਤ 2,60,700 ਰੁਪਏ ਪ੍ਰਤੀ ਕਿਲੋਗ੍ਰਾਮ ਸੀ।



ਵਿਸ਼ਲੇਸ਼ਕਾਂ ਅਨੁਸਾਰ, ਕੀਮਤੀ ਧਾਤਾਂ ਵਿੱਚ ਇਹ ਗਿਰਾਵਟ ਹਾਲ ਹੀ ਵਿੱਚ ਆਈ ਕਮਜ਼ੋਰੀ ਦਾ ਵਿਸਥਾਰ ਹੈ। ਨਿਵੇਸ਼ਕ ਹੁਣ ਸੁਰੱਖਿਅਤ-ਨਿਵੇਸ਼ਾਂ ਦੀ ਬਜਾਏ ਮਹਿੰਗਾਈ 'ਤੇ ਵਧਦੀਆਂ ਊਰਜਾ ਕੀਮਤਾਂ ਦੇ ਪ੍ਰਭਾਵ 'ਤੇ ਜ਼ਿਆਦਾ ਧਿਆਨ ਕੇਂਦਰਿਤ ਕਰ ਰਹੇ ਹਨ।

# ਸੰਗਰੂਰ ਪੁਲਿਸ ਨੇ ਭਗੌੜੇ ਅਪਰਾਧੀ ਮਨਪ੍ਰੀਤ ਸਿੰਘ ਮਨੀ ਨੂੰ ਹਥਿਆਰਾਂ ਸਣੇ ਕੀਤਾ ਗ੍ਰਿਫ਼ਤਾਰ

## ਮੁਲਜ਼ਮ ਕੋਲੋਂ 4 ਪਿਸਤੌਲ, 3 ਮੈਗਜ਼ੀਨ, 8 ਜ਼ਿੰਦਾ ਕਾਰਤੂਸ ਅਤੇ ਗੱਡੀ ਹੋਈ ਬਰਾਮਦ

**ਸੰਗਰੂਰ :** ਪੰਜਾਬ ਵਿੱਚੋਂ ਜੁਰਮ ਅਤੇ ਮਾੜੇ ਅਨਸਰਾਂ ਦੇ ਖਾਤਮੇ ਲਈ ਚਲਾਈ ਗਈ ਮੁਹਿੰਮ ਤਹਿਤ ਸੰਗਰੂਰ ਪੁਲਿਸ ਨੂੰ ਇੱਕ ਬਹੁਤ ਹੀ ਵੱਡੀ ਸਫਲਤਾ ਹਾਸਲ ਹੋਈ ਹੈ । ਪੁਲਿਸ ਨੇ ਇੱਕ ਖ਼ਤਰਨਾਕ ਅਤੇ ਭਗੌੜੇ ਅਪਰਾਧੀ ਨੂੰ ਭਾਰੀ ਮਾਤਰਾ ਵਿੱਚ ਅਸਲੇ ਸਮੇਤ ਕਾਬੂ ਕੀਤਾ ਹੈ । ਪੁਲਿਸ ਦੀ ਇਸ ਕਾਰਵਾਈ ਨਾਲ ਇਲਾਕੇ ਵਿੱਚ ਹੋਣ ਵਾਲੀ ਇੱਕ ਸਨਸਨੀਖੇਜ਼ ਵਾਰਦਾਤ ਅਤੇ ਕਤਲ ਹੋਣੋਂ ਟਲ ਗਿਆ ਹੈ। ਸੰਗਰੂਰ ਦੇ ਐੱਸ.ਐੱਸ.ਪੀ. ਡਾ. ਰਵਜੋਤ ਗਰੇਵਾਲ ਿਫਸ਼ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪੁਲਿਸ ਨੇ ਮਾੜੇ ਅਨਸਰਾਂ ਖ਼ਿਲਾਫ਼ ਵਿੱਢੀ ਮੁਹਿੰਮ ਦੌਰਾਨ ਥਾਣਾ ਸਿਟੀ ਸੁਨਾਮ ਦੇ ਏਰੀਏ ਵਿੱਚੋਂ ਇੱਕ ਵੱਡੀ ਕਾਮਯਾਬੀ ਹਾਸਲ ਕੀਤੀ ਹੈ। ਪੁਲਿਸ ਨੇ ਗੁਪਤ ਸੂਚਨਾ ਦੇ ਅਧਾਰ 'ਤੇ ਇੱਕ ਨਾਮੀ ਅਪਰਾਧੀ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਕੋਲੋਂ 04 ਨਜਾਇਜ਼ ਪਿਸਤੌਲ 32 ਬੋਰ, 03 ਮੈਗਜ਼ੀਨ ਅਤੇ 08 ਜਿੰਦਾ ਰੌਂਦ 32 ਬੋਰ ਸਮੇਤ ਇੱਕ ਬ੍ਰਿਜ਼ਾ ਕਾਰ (ਨੰਬਰ ੂ-14-4194) ਬਰਾਮਦ ਕੀਤੀ ਗਈ ਹੈ।"ਫੜੇ ਗਏ



ਮੁਲਜ਼ਮ ਦੀ ਪਛਾਣ ਮਨਪ੍ਰੀਤ ਸਿੰਘ ਉਰਫ਼ ਮਨੀ ਪੁੱਤਰ ਬੂੜਾ ਸਿੰਘ, ਵਾਸੀ ਜਗਤਪੁਰਾ ਬਸਤੀ, ਸੁਨਾਮ ਵਜੋਂ ਹੋਈ ਹੈ। ਪੁਲਿਸ ਮੁਤਾਬਕ ਇਹ ਮੁਲਜ਼ਮ ਪਿਛਲੇ ਕਰੀਬ 6 ਮਹੀਨਿਆਂ ਤੋਂ ਭਗੌੜਾ ਚੱਲਿਆ ਆ ਰਿਹਾ ਸੀ ਅਤੇ ਇਸ ਦੇ ਖ਼ਿਲਾਫ਼ ਵੱਖ-ਵੱਖ ਸੰਗੀਨ ਜੁਰਮਾਂ ਤਹਿਤ ਪਹਿਲਾਂ ਹੀ ਕਰੀਬ 10 ਮੁਕੱਦਮੇ ਦਰਜ ਹਨ । ਇਸ ਵਾਰ ਪੁਲਿਸ ਨੇ ਥਾਣਾ ਸਿਟੀ ਸੁਨਾਮ ਵਿਖੇ ਮੁਕੱਦਮਾ ਨੰਬਰ 261, ਮਿਤੀ 08.12.2025 ਤਹਿਤ ਬੀ.ਐਨ.ਐਸ. (ਭੰਸ਼) ਦੀਆਂ ਵੱਖ-ਵੱਖ ਧਾਰਾਵਾਂ ਹੇਠ ਕਾਰਵਾਈ ਕਰਦਿਆਂ ਇਸ ਨੂੰ ਦਬੋਚਿਆ ਹੈ। ਪੁਲਿਸ ਦੀ ਮੁੱਢਲੀ ਪੁੱਛਗਿੱਛ ਦੌਰਾਨ ਇੱਕ ਬਹੁਤ ਹੀ ਹੈਰਾਨੀਜਨਕ ਖੁਲਾਸਾ ਹੋਇਆ ਹੈ। ਪਤਾ ਲੱਗਿਆ ਹੈ ਕਿ ਮੁਲਜ਼ਮ ਮਨਪ੍ਰੀਤ ਸਿੰਘ ਇਸ ਨਜਾਇਜ਼ ਅਸਲੇ ਨਾਲ ਸੁਨਾਮ ਦੀ ਪਰਮਾਨੰਦ ਬਸਤੀ ਦੇ ਰਹਿਣ ਵਾਲੇ ਲਖਵਿੰਦਰ ਸਿੰਘ ਉਰਫ਼ ਲੱਖੀ ਉਰਫ਼ ਪੈਂਥਰ ਦਾ ਕਤਲ ਕਰਨ ਦੀ ਫਿਰਾਕ ਵਿੱਚ ਸੀ। ਪੁਲਿਸ ਨੇ ਐਨ ਮੌਕੇ 'ਤੇ ਮੁਲਜ਼ਮ ਨੂੰ ਗ੍ਰਿਫਤਾਰ ਕਰਕੇ ਇੱਕ ਖ਼ੌਫ਼ਨਾਕ ਵਾਰਦਾਤ ਨੂੰ ਵਾਪਰਨ ਤੋਂ ਰੋਕ ਲਿਆ ਹੈ। ਪੁਲਿਸ ਹੁਣ ਮੁਲਜ਼ਮ ਦਾ ਰਿਮਾਂਡ ਹਾਸਲ ਕਰਕੇ ਡੂੰਘਾਈ ਨਾਲ ਪੁੱਛਗਿੱਛ ਕਰ ਰਹੀ ਹੈ, ਜਿਸ ਵਿੱਚ ਹੋਰ ਵੀ ਕਈ ਅਹਿਮ ਖੁਲਾਸੇ ਹੋਣ ਦੀ ਉਮੀਦ ਹੈ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office

Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com



ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।


# ਉੱਜਵਲਾ ਯੋਜਨਾ ਦੇ ਲਾਭਪਾਤਰੀਆਂ ਨੂੰ ਹੁਣ ਚਾਰ ਹੀ ਮਿਲਣਗੇ ਸਬਸਿਡੀ ਵਾਲੇ ਗੈਸ ਸਿਲੰਡਰ

### ਪਹਿਲਾਂ ਇਹ ਕੋਟਾ 9 ਸਿਲੰਡਰਾਂ ਦਾ ਸੀ

ਨਵੀਂ ਦਿੱਲੀ : ਕੇਂਦਰ ਸਰਕਾਰ ਨੇ ਅਪਣੀ ਪ੍ਰਮੁੱਖ ਪ੍ਰਧਾਨ ਮੰਤਰੀ ਉੱਜਵਲਾ ਯੋਜਨਾ (ਪੀ.ਐਮ.ਯੂ.ਵਾਈ.) ਦੇ ਤਹਿਤ ਮਿਲਣ ਵਾਲੇ ਸਬਸਿਡੀ ਵਾਲੇ ਰਸੋਈ ਗੈਸ ਸਿਲੰਡਰਾਂ ਦੀ ਸਾਲਾਨਾ ਗਿਣਤੀ ਘਟਾ ਕੇ ਸਿਰਫ਼ ਚਾਰ ਕਰ ਦਿਤੀ ਹੈ। ਪਹਿਲਾਂ ਇਹ ਕੋਟਾ 9 ਸਿਲੰਡਰਾਂ ਦਾ ਸੀ, ਜਿਸ ਨੂੰ ਹੁਣ ਘਰੇਲੂ ਖਪਤ ਦੇ ਆਧਾਰ ’ਤੇ ਘਟਾਇਆ ਗਿਆ ਹੈ।

ਪਟਰੌਲਪਅਮ ਅਤੇ ਕੁਦਰਤੀ ਗੈਸ ਮੰਤਰਾਲੇ ਦੇ ਐਡੀਸ਼ਨਲ ਸੈਕਟਰੀ ਪ੍ਰਵੀਨ ਮੱਲ ਖਨੂਜਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਦਸਿਆ ਕਿ, ‘‘ਸੋਧੀ ਗਈ ਪਾਤਰਤਾ ਉੱਜਵਲਾ ਲਾਭਪਾਤਰੀਆਂ ਦੀ ਔਸਤ ਸਾਲਾਨਾ ਖਪਤ ਦੇ ਬਰਾਬਰ ਹੈ।’’ ਉਨ੍ਹਾਂ ਅੱਗੇ ਕਿਹਾ, ‘‘ਪਛਮੀ ਏਸ਼ੀਆ ਵਿਚ ਜੰਗ ਕਾਰਨ ਕੌਮਾਂਤਰੀ ਕੀਮਤਾਂ ਵਿਚ ਭਾਰੀ ਉਛਾਲ ਆਇਆ ਹੈ, ਜਿਸ ਕਾਰਨ ਘਰੇਲੂ



ਐਲ.ਪੀ.ਜੀ. ਸਿਲੰਡਰ ਦੀ ਸਪਲਾਈ ਲਾਗਤ 1,600 ਰੁਪਏ ਤੋਂ ਵੱਧ ਹੋ ਗਈ ਹੈ।’’ ਇਸ ਵਾਧੇ ਦੇ ਬਾਵਜੂਦ, ਤੇਲ ਕੰਪਨੀਆਂ ਨੂੰ ਪ੍ਰਤੀ ਸਿਲੰਡਰ 700 ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਖਨੂਜਾ ਮੁਤਾਬਕ, ‘‘ਇਹ ਵਾਧਾ ਪ੍ਰਤੀ ਦਿਨ 1 ਰੁਪਏ ਬਣਦਾ ਹੈ’’ ਅਤੇ ਪੰਜ ਮੈਂਬਰਾਂ ਦੇ ਪਰਵਾਰ ਲਈ ‘‘ਇਹ ਵਾਧਾ 20 ਪੈਸੇ ਪ੍ਰਤੀ ਦਿਨ ਹੈ।’’ ਹਾਲਾਂਕਿ, ਲਾਭਪਾਤਰੀਆਂ ਨੂੰ ਅਜੇ ਵੀ 300 ਰੁਪਏ ਦੀ ਸਬਸਿਡੀ ਮਿਲਦੀ ਰਹੇਗੀ।


# ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਫ਼ਿਲਾਡੈਲਫ਼ੀਆ ਵਿਚ ਮਾਰੇ ਗਏ ਅੰਸ਼ੁਲ ਦੀ ਭੈਣ ਨੇ ਕੀਤੀ ਭਾਵੁਕ ਅਪੀਲ, 'ਅਪਣੇ ਬੱਚਿਆਂ ਨੂੰ ਅਮਰੀਕਾ ਨਾ ਭੇਜੋ'

## 28 ਸਾਲ ਦੇ ਭਾਰਤੀ ਨੌਜੁਆਨ ਅੰਸ਼ੁਲ ਕੁੰਚਾ ਦਾ ਬੇਰਹਿਮੀ ਨਾਲ ਗੋਲੀ ਮਾਰ ਕੇ ਕਤਲ

**ਵਾਸ਼ਿੰਗਟਨ/ਹੈਦਰਾਬਾਦ :** ਅਮਰੀਕਾ ਦੇ ਫਿਲਾਡੇਲਫੀਆ 'ਚ ਹੈਦਰਾਬਾਦ ਤੋਂ ਗਏ 28 ਸਾਲ ਦੇ ਭਾਰਤੀ ਨੌਜੁਆਨ ਅੰਸ਼ੁਲ ਕੁੰਚਾ ਦਾ ਬੇਰਹਿਮੀ ਨਾਲ ਗੋਲੀ ਮਾਰ ਕੇ ਕਤਲ ਕਰ ਦਿਤਾ ਗਿਆ। ਜਿਸ ਤੋਂ ਬਾਅਦ ਉਸ ਦਾ ਪਰਵਾਰ ਡੂੰਘੇ ਦੁੱਖ 'ਚ ਹੈ ਅਤੇ ਅਪੀਲ ਕਰ ਰਿਹਾ ਹੈ ਕਿ ਕੋਈ ਅਪਣੇ ਬੱਚਿਆਂ ਨੂੰ ਅਮਰੀਕਾ ਨਾ ਭੇਜੇ। ਇਹ ਵਾਰਦਾਤ ਉਸ ਸਮੇਂ ਵਾਪਰੀ ਜਦੋਂ ਉਹ ਸਨਿ-ਚਰਵਾਰ 'ਤੇ ਪੀਜ਼ਾ ਡਿਲੀਵਰੀ ਕਰਨ ਗਿਆ ਹੋਇਆ ਸੀ। ਅੰਸ਼ੁਲ ਦੀ ਭੈਣ ਤਨਵੀ ਨੇ ਰੋਂਦੇ ਹੋਏ ਮੀਡੀਆ ਨੂੰ ਦਸਿਆ , ''ਸਾਨੂੰ ਸੂਚਨਾ ਮਿਲੀ ਹੈ ਕਿ ਅੰਸ਼ੁਲ ਦੇ ਸਿਰ ਵਿਚ ਤਿੰਨ ਗੋਲੀਆਂ ਮਾਰੀਆਂ ਗਈਆਂ ਅਤੇ ਉਸ ਨੂੰ ਸੜਕ 'ਤੇ ਹੀ ਮਰਨ ਲਈ ਛੱਡ ਦਿਤਾ ਗਿਆ।''ਉਨ੍ਹਾਂ ਨੇ ਪ੍ਰਗਟਾਵਾ ਕੀਤਾ ਕਿ ਇਹ ਕੋਈ ਲੁੱਟ-ਖੋਹ ਨਹੀਂ ਸੀ ਬਲਕਿ ਇਕ ਸਾਜ਼ਸ਼ ਸੀ। ਤਨਵੀ ਮੁਤਾਬਕ, ''ਇਹ ਇਕ ਜਾਲ ਸੀ। ਇਹ ਉਸ ਨੂੰ ਜਾਨੋਂ ਮਾਰਨ



ਲਈ ਹੀ ਬਣਾਇਆ ਗਿਆ ਸੀ। ਮੈਨੂੰ ਨਹੀਂ ਪਤਾ ਕਿ ਉਨ੍ਹਾਂ ਨੂੰ ਇਸ ਨਾਲ ਕੀ ਹਾਸਲ ਹੋਇਆ।'' ਉਸ ਨੇ ਯਾਦ ਕਰਦਿਆਂ ਦਸਿਆ ਕਿ ਉਸ ਦਾ ਭਰਾ ਬਹੁਤ ਹੀ ਪਿਆਰ ਕਰਨ ਵਾਲਾ ਅਤੇ ਹੱਸਮੁੱਖ ਇਨਸਾਨ ਸੀ। ਉਸ ਨੇ ਕਿਹਾ, ''ਉਹ ਅਮਰੀਕਾ ਨਹੀਂਜਾਣਾ ਚਾਹੁੰਦਾ ਸੀ, ਪਰ ਅਸੀਂ ਉਸ ਨੂੰ ਭੇਜ ਦਿਤਾ... ਅਤੇ (ਹੁਣ) ਦੇਖੋ ਉਸ ਦਾ ਕੀ ਹਸ਼ਰ ਹੋਇਆ। ਇਹ ਉਨ੍ਹਾਂ ਸਾਰੇ ਮਾਪਿਆਂ ਲਈ ਇਕ ਸੰਦੇਸ਼ ਹੈ ਜੋ ਅਪਣੇ ਬੱਚਿਆਂ ਨੂੰ ਅਮਰੀਕਾ ਭੇਜ ਰਹੇ ਹਨ, ਅਪਣੇ ਬੱਚਿਆਂ ਨੂੰ ਅਮਰੀਕਾ ਨਾ ਭੇਜੋ।'' ਨਿਊਯਾਰਕ ਵਿਚ ਭਾਰਤੀ ਸਫ਼ਾਰਤਖ਼ਾਨੇ ਨੇ ਟਵੀਟ ਕਰ ਕੇ ਕਿਹਾ,''ਅਸੀਂ ਫਿਲਾਡੇਲਫੀਆ ਵਿਚ ਭਾਰਤੀ ਨਾਗਰਿਕ ਅੰਸ਼ੁਲ ਕੁੰਚਾ ਦੇ ਬੇਵਕਤੀ ਦੇਹਾਂਤ ਤੋਂ ਡੂੰਘੇ ਸਦਮੇ ਵਿਚ ਹਾਂ।'' ਸਫ਼ਾਰਤਖ਼ਾਨਾ ਪਰਵਾਰ ਦੇ ਸੰਪਰਕ ਵਿਚ ਹੈ ਅਤੇ ਮ੍ਰਿਤਕ ਦੇਹ ਨੂੰ ਜਲਦ ਭਾਰਤ ਭੇਜਣ ਲਈ ਹਰ ਸੰਭਵ ਮਦਦ ਕਰ ਰਿਹਾ ਹੈ। ਪੀੜਤ ਪਰਵਾਰ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਇਨਸਾਫ਼ ਦਵਾਇਆ ਜਾਵੇ ਅਤੇ ਅੰਸ਼ੁਲ ਦੀ ਦੇਹ ਨੂੰ ਜਲਦ ਤੋਂ ਜਲਦ ਵਤਨ ਵਾਪਸ ਲਿਆਂਦਾ ਜਾਵੇ।

## ਅੰਮ੍ਰਿਤਸਰ ਵਿੱਚ ਹਥਿਆਰਾਂ ਸਣੇ 4 ਮੁਲਜ਼ਮ ਗ੍ਰਿਫ਼ਤਾਰ, ਵਿਦੇਸ਼ੀ ਕਨੈਕਸ਼ਨ ਦਾ ਹੋਇਆ ਖੁਲਾਸਾ

**ਅੰਮ੍ਰਿਤਸਰ।** ਅੰਮ੍ਰਿਤਸਰ ਪੁਲਿਸ ਨੇ ਇੱਕ ਅੰਤਰਰਾਸ਼ਟਰੀ ਹਥਿਆਰਾਂ ਦੀ ਤਸਕਰੀ ਅਤੇ ਹਵਾਲਾ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ। ਪੁਲਿਸ ਨੇ ਅੱਜ ਚਾਰ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਵਿੱਚ ਇੱਕ ਅਫਗਾਨ ਨਾਗਰਿਕ ਵੀ ਸ਼ਾਮਲ ਹੈ। ਕਾਰਵਾਈ ਦੌਰਾਨ, ਪੁਲਿਸ ਨੇ ਕੁੱਲ ਅੱਠ ਆਧੁਨਿਕ ਪਿਸਤੌਲ ਅਤੇ ਸੱਤ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਗੈਰ-ਕਾਨੂੰਨੀ ਹਥਿਆਰਾਂ ਦੀ ਸਪਲਾਈ ਵਿੱਚ ਸ਼ਾਮਲ ਇੱਕ ਵਿਦੇਸ਼ੀ ਨੈੱਟਵਰਕ ਨਾਲ ਜੁੜੇ ਹੋਏ ਸਨ। ਇਹ ਨੈੱਟਵਰਕ ਸਰਹੱਦੀ ਖੇਤਰਾਂ ਵਿੱਚ ਸਥਿਤ ਡ੍ਰੌਪ ਸਥਾਨਾਂ ਰਾਹੀਂ ਹਥਿਆਰਾਂ ਦੀਆਂ ਖੇਪਾਂ ਭਾਰਤ ਵਿੱਚ ਪਹੁੰਚਾਉਂਦਾ ਸੀ। ਫਿਰ ਇਹਨਾਂ ਹਥਿਆਰਾਂ ਨੂੰ ਸਥਾਨਕ ਅਪਰਾਧੀਆਂ ਨੂੰ ਹੋਰ ਗੈਰ-




ਕਾਨੂੰਨੀ ਗਤੀਵਿਧੀਆਂ ਅਤੇ ਅਪਰਾਧਾਂ ਵਿੱਚ ਵਰਤਣ ਲਈ ਪਹੁੰਚਾਇਆ ਜਾਂਦਾ ਸੀ। ਪੁਲਿਸ ਦੇ ਅਨੁਸਾਰ, ਇਹ ਗਿਰੋਹ ਹਵਾਲਾ ਚੈਨਲਾਂ ਰਾਹੀਂ ਵਿੱਤੀ ਲੈਣ-ਦੇਣ ਵੀ ਕਰਦਾ ਸੀ, ਜਿਸ ਨਾਲ ਨੈੱਟਵਰਕ ਹੋਰ ਗੁੰਝਲਦਾਰ ਅਤੇ ਸੰਗਠਿਤ ਹੋ ਗਿਆ। ਜ਼ਬਤ ਕੀਤੇ ਗਏ ਹਥਿਆਰ ਅਪਰਾਧਿਕ ਤੱਤਾਂ ਨੂੰ ਸਪਲਾਈ ਕਰਨ ਅਤੇ ਇਲਾਕੇ ਵਿੱਚ ਕਾਨੂੰਨ ਵਿਵਸਥਾ ਨੂੰ ਭੰਗ ਕਰਨ ਦੇ ਇਰਾਦੇ ਨਾਲ ਲਿਆਂਦੇ ਗਏ ਸਨ। ਇਸ ਮਾਮਲੇ ਵਿੱਚ ਦੋ ਵੱਖ-ਵੱਖ ਪੁਲਿਸ ਸਟੇਸ਼ਨਾਂ, ਪੁਲਿਸ ਸਟੇਸ਼ਨ ਇਸਲਾਮਾਬਾਦ ਅਤੇ ਪੁਲਿਸ ਸਟੇਸ਼ਨ ਗੇਟ ਹਕੀਮਾ ਵਿਖੇ ਐਫਆਈਆਰ ਦਰਜ ਕੀਤੀਆਂ ਗਈਆਂ ਹਨ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਨੈਸ਼ਨਲ ਗੇਮਜ਼ ਧਰਮਸ਼ਾਲਾ ਵਿਖੇ ਮੈਡਮ ਸੁਖਵਿੰਦਰ ਕੌਰ ਨੇ ਜਿੱਤੇ ਤਿੰਨ ਗੋਲਡ ਮੈਡਲ, ਐੱਮ.ਪੀ. ਡਾ: ਰਾਜੀਵ ਭਾਰਦਵਾਜ ਵੱਲੋਂ ਸਨਮਾਨਿਤ

**ਨਕੋਦਰ,08 ਜੂਨ (ਹਰਜਿੰਦਰ ਸਿੰਘ ਚੰਦੀ)**–ਨੈਸ਼ਨਲ ਐੱਸ.ਬੀ.ਕੇ.ਐੱਫ. 14ਵੀਆਂ ਨੈਸ਼ਨਲ ਗੇਮਜ਼ 2026 ਵਿੱਚ ਨਕੋਦਰ, ਪੰਜਾਬ ਦੀ ਰਹਿਣ ਵਾਲੀ ਮੈਡਮ ਸੁਖਵਿੰਦਰ ਕੌਰ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਤਿੰਨ ਗੋਲਡ ਮੈਡਲ ਜਿੱਤ ਕੇ ਪੰਜਾਬ ਅਤੇ ਨਕੋਦਰ ਦਾ ਨਾਮ ਰੌਸ਼ਨ ਕੀਤਾ।ਮੈਡਮ ਸੁਖਵਿੰਦਰ ਕੌਰ ਨੇ ਲੌਂਗ ਜੰਪ, ਟ੍ਰਿਪਲ ਜੰਪ ਅਤੇ ਹਰਡਲ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਤਿੰਨਾਂ ਇਵੈਂਟਾਂ ਵਿੱਚ ਗੋਲਡ ਮੈਡਲ ਜਿੱਤ ਕੇ ਉਨ੍ਹਾਂ ਨੇ ਆਪਣੀ ਮਿਹਨਤ, ਹਿੰਮਤ ਅਤੇ ਖੇਡ ਪ੍ਰਤੀ ਸਮਰਪਣ ਦਾ ਸ਼ਾਨਦਾਰ ਸਬੂਤ ਦਿੱਤਾ।ਇਸ ਮੌਕੇ



ਮੈਡਮ ਸੁਖਵਿੰਦਰ ਕੌਰ ਨੂੰ ਕਾਂਗੜਾ, ਹਿਮਾਚਲ ਪ੍ਰਦੇਸ਼ ਦੇ ਸੰਸਦ ਮੈਂਬਰ ਐੱਮ.ਪੀ. ਡਾ: ਰਾਜੀਵ ਭਾਰਦਵਾਜ ਵੱਲੋਂ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੀ ਇਸ ਉਪਲਬਧੀ ’ਤੇ ਪਰਿਵਾਰਕ ਮੈਂਬਰਾਂ, ਸਾਥੀਆਂ, ਇਲਾਕੇ ਦੇ ਲੋਕਾਂ ਅਤੇ ਖੇਡ ਪ੍ਰੇਮੀਆਂ ਵੱਲੋਂ ਵਧਾਈਆਂ ਦਿੱਤੀਆਂ ਗਈਆਂ। ਮੈਡਮ ਸੁਖਵਿੰਦਰ ਕੌਰ ਦੀ ਇਹ ਜਿੱਤ ਸਾਬਤ ਕਰਦੀ ਹੈ ਕਿ ਮਿਹਨਤ, ਲਗਨ ਅਤੇ ਹੌਸਲਾ ਹੋਵੇ ਤਾਂ ਕੋਈ ਵੀ ਮੰਜ਼ਿਲ ਮੁਸ਼ਕਲ ਨਹੀਂ ਰਹਿੰਦੀ। ਉਨ੍ਹਾਂ ਕਿਹਾ ਕਿ ਇਹ ਕਾਮਯਾਬੀ ਪਰਿਵਾਰ ਦੇ ਸਹਿਯੋਗ ਅਤੇ ਲੋਕਾਂ ਦੇ ਆਸ਼ੀਰਵਾਦ ਦਾ ਨਤੀਜਾ ਹੈ ਅਤੇ ਉਹ ਅੱਗੇ ਵੀ ਇਸੇ ਤਰ੍ਹਾਂ ਖੇਡਾਂ ਵਿੱਚ ਮਿਹਨਤ ਕਰਕੇ ਪੰਜਾਬ ਦਾ ਨਾਮ ਰੌਸ਼ਨ ਕਰਦੇ ਰਹਿਣਗੇ।

# ਡਿਪਟੀ ਸਪੀਕਰ ਸ. ਜੈ ਕ੍ਰਿਸ਼ਨ ਸਿੰਘ ਰੌੜੀ ਦੀ ਅਗਵਾਈ ਵਿੱਚ ਮਿਲੀ ਸ਼ਾਨਦਾਰ ਜਿੱਤ 'ਤੇ ਮੋਰਾਂਵਾਲੀ ਪੰਚਾਇਤ ਨੇ ਦਿੱਤੀਆਂ ਵਧਾਈਆਂ

**ਹੁਸ਼ਿਆਰਪੁਰ/ਗੜ੍ਹਸ਼ੰਕਰ, ( ਬਲਵੀਰ ਚੌਪੜਾ )** ਗੜ੍ਹਸ਼ੰਕਰ ਨਗਰ ਕੌਂਸਲ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਮਿਲੀ ਸ਼ਾਨਦਾਰ ਜਿੱਤ ਤੋਂ ਬਾਅਦ ਪਿੰਡ ਮੋਰਾਂਵਾਲੀ ਦੀ ਪੰਚਾਇਤ, ਪਾਰਟੀ ਵਰਕਰਾਂ ਅਤੇ ਇਲਾਕਾ ਨਿਵਾਸੀਆਂ ਵੱਲੋਂ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਸ. ਜੈ ਕ੍ਰਿਸ਼ਨ ਸਿੰਘ ਰੌੜੀ ਨੂੰ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ ਗਈ। ਡਿਪਟੀ ਸਪੀਕਰ ਦੇ ਦਫ਼ਤਰ ਵਿਖੇ ਕਰਵਾਏ ਗਏ ਸਮਾਗਮ ਦੌਰਾਨ ਕੇਕ ਕੱਟ ਕੇ ਜਿੱਤ ਦਾ ਜਸ਼ਨ ਮਨਾਇਆ ਗਿਆ ਅਤੇ ਇੱਕ-ਦੂਜੇ ਦਾ ਮੂੰਹ ਮਿੱਠਾ ਕਰਵਾ ਕੇ ਖ਼ੁਸ਼ੀ ਸਾਂਝੀ ਕੀਤੀ ਗਈ।ਸਮਾਗਮ ਦੌਰਾਨ ਬੋਲਦਿਆਂ ਪੰਚਾਇਤ ਮੈਂਬਰਾਂ ਅਤੇ ਪਾਰਟੀ ਆਗੂਆਂ ਨੇ ਕਿਹਾ ਕਿ ਇਹ ਜਿੱਤ ਡਿਪਟੀ ਸਪੀਕਰ ਸ. ਜੈ ਕ੍ਰਿਸ਼ਨ ਸਿੰਘ ਰੌੜੀ ਦੀ ਦੂਰਅੰਦੇਸ਼ੀ ਅਗਵਾਈ, ਲੋਕਾਂ ਨਾਲ ਨਿਰੰਤਰ ਜੁੜਾਅ ਅਤੇ ਵਿਕਾਸ ਪੱਖੀ ਸੋਚ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਗੜ੍ਹਸ਼ੰਕਰ ਦੇ ਲੋਕਾਂ ਨੇ ਵਿਕਾਸ, ਪਾਰਦਰਸ਼ਤਾ ਅਤੇ ਲੋਕ ਭਲਾਈ ਦੀ ਰਾਜਨੀਤੀ ਨੂੰ ਸਮਰਥਨ ਦਿੰਦਿਆਂ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਆਪਣਾ ਫ਼ੈਸਲਾ ਦਿੱਤਾ ਹੈ। ਪੰਚਾਇਤ ਨੁਮਾਇੰਦਿਆਂ ਨੇ ਕਿਹਾ ਕਿ ਡਿਪਟੀ ਸਪੀਕਰ ਸ. ਜੈ ਕ੍ਰਿਸ਼ਨ ਸਿੰਘ ਰੌੜੀ ਦੀ ਰਹਿਨੁਮਾਈ ਹੇਠ ਹਲਕਾ ਗੜ੍ਹਸ਼ੰਕਰ ਵਿੱਚ ਵਿਕਾਸ ਕਾਰਜਾਂ ਨੂੰ ਨਵੀਂ ਰਫ਼ਤਾਰ ਮਿਲੀ ਹੈ। ਸੜਕਾਂ,



ਸਿੱਖਿਆ, ਸਿਹਤ ਅਤੇ ਬੁਨਿਆਦੀ ਸਹੂਲਤਾਂ ਦੇ ਖੇਤਰ ਵਿੱਚ ਹੋਏ ਮਹੱਤਵਪੂਰਨ ਕੰਮਾਂ ਕਾਰਨ ਲੋਕਾਂ ਦਾ ਭਰੋਸਾ ਹੋਰ ਮਜ਼ਬੂਤ ਹੋਇਆ ਹੈ, ਜਿਸ ਦੀ ਝਲਕ ਚੋਣ ਨਤੀਜਿਆਂ ਵਿੱਚ ਸਪੱਸ਼ਟ ਤੌਰ 'ਤੇ ਦੇਖਣ ਨੂੰ ਮਿਲੀ ਹੈ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਵਿੱਚ ਮਿਲੀ ਇਹ ਜਿੱਤ ਸ਼ਹਿਰ ਦੇ ਵਿਕਾਸ ਨੂੰ ਹੋਰ ਗਤੀ ਦੇਵੇਗੀ ਅਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ। ਪੰਚਾਇਤ ਮੈਂਬਰਾਂ ਨੇ ਭਰੋਸਾ ਜਤਾਇਆ ਕਿ ਡਿਪਟੀ ਸਪੀਕਰ ਸ. ਜੈ ਕ੍ਰਿਸ਼ਨ ਸਿੰਘ ਰੌੜੀ ਦੀ ਅਗਵਾਈ ਹੇਠ ਵਿਕਾਸ ਅਤੇ ਲੋਕ ਸੇਵਾ ਦਾ ਇਹ ਸਿਲਸਿਲਾ ਭਵਿੱਖ ਵਿੱਚ ਵੀ ਜਾਰੀ ਰਹੇਗਾ। ਇਸ ਮੌਕੇ ਹਲਕਾ ਸੰਗਠਨ ਇੰਚਾਰਜ ਅਤੇ ਓ.ਐਸ.ਡੀ. ਚਰਨਜੀਤ ਸਿੰਘ, ਯੂਥ ਪ੍ਰਧਾਨ ਅਤੇ ਐਮ.ਸੀ. ਪ੍ਰਿੰਸ ਚੌਧਰੀ, ਸਰਪੰਚ ਅਮਨਦੀਪ ਸਿੰਘ ਰਾਏ, ਦਰਸ਼ਨ ਰਾਮ ਪੰਚ, ਹਰਪ੍ਰੀਤ ਕੌਰ ਪੰਚ, ਰਾਜੂ ਬਾਲਾ ਪੰਚ, ਨਰਿੰਦਰ ਸਿੰਘ, ਜਸਵਿੰਦਰ ਕੌਰ ਪੰਚ, ਪਵਨਦੀਪ ਕੌਰ, ਕਮਲਜੀਤ ਕੌਰ, ਜਸਵੀਰ ਕੌਰ, ਜਸਪਾਲ ਕੌਰ ਸਮੇਤ ਮੋਰਾਂਵਾਲੀ ਪੰਚਾਇਤ ਦੇ ਮੈਂਬਰ, ਪਾਰਟੀ ਵਰਕਰ, ਸਮਾਜ ਸੇਵੀ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਮਹਾਨ ਸੰਤਾਂ - ਮਹਾਂਪੁਰਸ਼ਾਂ ਵਲੋਂ ਕੁਦਰਤ - ਪ੍ਰੇਮੀ ਮਾਸਟਰ ਸੰਜੀਵ ਧਰਮਾਣੀ ਦਾ ਸਨਮਾਨ , ਸੰਤਾਂ ਦੀ ਸੰਗਤ ਤੇ ਆਸ਼ੀਰਵਾਦ ਵੱਡੇ ਭਾਗਾਂ ਨਾਲ਼ ਮਿਲ਼ਦਾ ਹੈ - ਮਾਸਟਰ ਸੰਜੀਵ ਧਰਮਾਣੀ

ਬੀਤੇ ਐਤਵਾਰ ਨੂੰ ਸ਼੍ਰੀ ਪੌਣਾਹਾਰੀ ਆਸ਼ਰਮ ਰਾਏਪੁਰ ਸਹੋੜਾ , ਜਿਲ੍ਹਾ - ਊਨਾ ( ਹਿਮਾਚਲ ਪ੍ਰਦੇਸ਼ ) ਵਿਖੇ ਅਮਰ ਜੋਤੀ 108 ਸੰਤ ਬਾਬਾ ਸ਼੍ਰੀ ਰਾਮਆਸਰਾ ਜੀ ਦੇ ਜਨਮਦਿਨ ਮੌਕੇ ਸਤਿਗੁਰੂ ਸ਼੍ਰੀ ਗੁਰਦਿਆਲ ਦਾਸ ਜੀ ਦੀ ਅਗਵਾਈ ਹੇਠ ਛਿਮਾਹੀ ਧਾਰਮਿਕ ਪ੍ਰੋਗਰਾਮ ਤੇ ਵਿਸ਼ਾਲ ਭੰਡਾਰੇ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਜਿੱਥੇ ਬਹੁਤ ਵੱਡੀ ਗਿਣਤੀ ਵਿੱਚ ਦੂਰੋਂ - ਦੂਰੋਂ ਸੰਗਤਾਂ ਪਹੁੰਚੀਆਂ , ਉੱਥੇ ਹੀ ਬਹੁਤ ਸਾਰੇ ਸੰਤ - ਮਹਾਤਮਾ ਵੀ ਇੱਥੇ ਪਹੁੰਚੇ ; ਜਿਨ੍ਹਾਂ ਨੇ ਆਪਣੇ ਅਧਿਆਤਮਕ ਗਿਆਨ ਤੇ ਭਜਨ - ਵੰਦਗੀ ਨਾਲ਼ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮਹਾਨ ਧਾਰਮਿਕ ਪ੍ਰੋਗਰਾਮ ਦੇ ਦੌਰਾਨ ਕੁਦਰਤ - ਪ੍ਰੇਮੀ ਤੇ ਵਾਤਾਵਰਨ - ਸੇਵਕ ਮਾਸਟਰ



ਸੰਜੀਵ ਧਰਮਾਣੀ ਦੀਆਂ ਉਨ੍ਹਾਂ ਦੇ ਵਲੋਂ ਕੁਦਰਤ , ਵਾਤਾਵਰਨ , ਜੀਵ - ਜੰਤੂਆਂ , ਪੰਛੀ - ਪਰਿੰਦਿਆਂ , ਕੀੜੇ - ਮਕੌੜਿਆਂ ਤੇ ਲੋਕ - ਭਲਾਈ ਲਈ ਪਿਛਲੇ ਲਗਭਗ 30 ਸਾਲ ਤੋਂ ਕੀਤੀਆਂ ਜਾ ਰਹੀਆਂ ਪਰਉਪਕਾਰੀ ਨਿਸ਼ਕਾਮ ਸੇਵਾਵਾਂ ਲਈ ਤੇ ਧਾਰਮਿਕ ਕਾਰਜਾਂ ਪ੍ਰਤੀ ਸੁਹਿਰਦ ਯੋਗਦਾਨ ਪਾਉਣ ਲਈ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਤੇ ਉਨ੍ਹਾਂ ਨੂੰ ਆਸ਼ੀਰਵਾਦ ਦਿੱਤਾ। ਇਸ ਮੌਕੇ ਆਸ਼ਰਮ ਦੇ ਗੱਦੀਨਸ਼ੀਨ ਸੰਤ ਬਾਬਾ ਗੁਰਦਿਆਲ ਦਾਸ ਜੀ ਤੋਂ ਇਲ-ਾਵਾ ਸੰਤ ਬਾਬਾ ਰਵਿੰਦਰ ਦਾਸ ਜੀ ਖਾਨਪੁਰ ਵਾਲੇ , ਸੰਤ ਬਾਬਾ ਗੁਰਮੀਤ ਸਿੰਘ ਜੀ ਲਮਲੇਹੜਾ ਵਾਲ਼ੇ , ਸੰਤ ਬਾਬਾ ਕਮਲ ਦਾਸ ਜੀ ਸੁਨੇਹਰਾ ਊਨਾ ਵਾਲ਼ੇ , ਬੀਬੀ ਯਮੁਨਾ ਜੀ ਘਾਲੂਵਾਲਾ ਪੰਡੋਗਾ ਵਾਲ਼ੇ , ਸੰਤ ਬਾਬਾ ਸ਼ੀਤਲ ਦਾਸ ਜੀ ਰਾਹੋਂ ਨਵਾਂ ਸ਼ਹਿਰ ਵਾਲ਼ੇ , ਸੰਤ ਬਾਬਾ ਵਡਭਾਗੀ ਜੀ ਊਨਾ ਵਾਲ਼ੇ , ਸੰਤ ਬਾਬਾ ਪ੍ਰਿਥੀ ਸਿੰਘ ਜੀ ਚੜ੍ਹਤਗੜ ਵਾਲ਼ੇ , ਸੰਤ ਬਾਬਾ ਜਗਨਨਾਥ ਜੀ ਭੜੋਲੀਆਂ ਵਾਲ਼ੇ ਆਦਿ ਮਹਾਨ ਸੰਤ ਮਹਾਂਪੁਰਖਾਂ ਨੇ ਕੁਦਰਤ - ਪ੍ਰੇਮੀ ਮਾਸਟਰ ਸੰਜੀਵ ਧਰਮਾਣੀ ਨੂੰ ਆਸ਼ੀਰਵਾਦ ਦਿੱਤਾ। ਇਸ ਮੌਕੇ ਮਾਸਟਰ ਸੰਜੀਵ ਧਰਮਾਣੀ ਨੇ ਕਿਹਾ ਕਿ ਸੰਤਾਂ ਦੀ ਚਰਨ - ਛੋਹ ਨਾਲ਼ ਮੇਰਾ ਜੀਵਨ ਸਾਰਥਕ ਹੋ ਗਿਆ ਹੈ।

# ਵਿਦਿਆਰਥਣ ਰੀਆ ਰਾਣੀ ਦਾ ਲਾਲੀ ਬਾਜਵਾ ਨੇ ਕੀਤਾ ਸਨਮਾਨ

**ਹੁਸ਼ਿਆਰਪੁਰ 8 ਜੂਨ ( ਤਰਸੇਮ ਦੀਵਾਨਾ )** - ਸ਼੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਮਾਡਲ ਟਾਊਨ ਦੀ ਵਿਦਿਆਰਥਣ ਰੀਆ ਰਾਣੀ ਜਿਸਨੇ 10ਵੀਂ ਦੀ ਪ੍ਰੀਖਿਆ ਦੇ ਆਏ ਨਤੀਜੇ ਵਿੱਚ ਸੂਬੇ ਭਰ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ ਹੈ ਨੂੰ ਅੱਜ ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚ ਕੇ ਅਕਾਲੀ ਦਲ ਦੇ ਸੀਨੀਅਰ ਵਾਈਸ ਪ੍ਰਧਾਨ ਅਤੇ ਜਿਲ੍ਹਾ ਪ੍ਰਧਾਨ ਸ਼ਹਿਰੀ ਜਤਿੰਦਰ ਸਿੰਘ ਲਾਲੀ ਬਾਜਵਾ ਵੱਲੋਂ ਸਨਮਾਨਿਤ ਕੀਤਾ ਗਿਆ ਅਤੇ ਵਿਦਿਆਰਥਣ ਨੂੰ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਸਾਬਕਾ ਐੱਮ.ਸੀ.ਰੂਪ ਲਾਲ ਥਾਪਰ, ਨਰਿੰਦਰ ਸਿੰਘ, ਰਾਜ ਥਾਪਰ, ਗੁਰ-ਬਚਨ ਸਿੰਘ ਗਰੇਵਾਲ, ਹਰਦੇਵ ਸਿੰਘ, ਸ਼ੇਰ ਸਿੰਘ, ਤਜਿੰਦਰ ਸਿੰਘ, ਰਾਕੇਸ਼ ਕੁਮਾਰ, ਸਤਨਾਮ ਸਿੰਘ ਵੀ ਮੌਜੂਦ ਸਨ। ਇਸ ਮੌਕੇ ਲਾਲੀ ਬਾਜਵਾ ਨੇ ਕਿਹਾ ਕਿ ਵਿਦਿਆਰਥਣ ਰੀਆ ਰਾਣੀ ਨੇ ਬਹੁਤ ਮੇਹਨਤ ਨਾਲ ਇਹ ਮੁਕਾਂਮ ਹਾਸਿਲ ਕੀਤਾ ਹੈ ਜਿਸ ਲਈ ਵਿਦਿਆਰਥਣ ਅਤੇ ਪਰਿਵਾਰਿਕ ਮੈਂਬਰ ਵਧਾਈ ਦੇ ਪਾਤਰ ਹਨ। ਉਨ੍ਹਾਂ ਕਿਹਾ ਕਿ ਸਾਡੇ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਇੱਥੇ ਹੀ ਪੜ੍ਹ ਲਿਖ ਕੇ ਅੱਗੇ ਵੱਧਣ ਅਤੇ ਆਪਣੇ ਸਮਾਜ ਦੀ ਬੇਹਤਰੀ ਲਈ ਯੋਗਦਾਨ ਦੇਣ। ਲਾਲੀ ਬਾਜਵਾ ਨੇ ਕਿਹਾ ਕਿ ਪੰਜਾਬ ਵਿੱਚ ਪ੍ਰਤਿਭਾ ਦੀ ਕੋਈ ਕਮੀ ਨਹੀਂ ਹੈ।



**ਫੋਟੋ ਅਜਮੇਰ ਦੀਵਾਨਾ**

The Samaj Weekly and people associated with it are not responsible for any claims made by the advisers and don’t endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਪੰਜਾਬ ਵਾਸੀ ਝਾੜੂ ਖਿਲਾਰਨ ਲਈ ਚੋਣਾਂ ਦਾ ਕਰ ਰਹੇ ਇੰਤਜ਼ਾਰ : ਟੋਨੀ ਅਰੋੜਾ

**ਲੁਧਿਆਣਾ 8 ਜੂਨ (ਕਰਨੈਲ ਸਿੰਘ ਐੱਮ.ਏ.)** ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਕਰਕੇ ਸੱਤਾ ਵਿੱਚ ਆਈ ਸੂਬਾ ਪੰਜਾਬ ਦੀ 'ਆਪ' ਸਰਕਾਰ ਹਰ ਫਰੰਟ ਤੇ ਫੇਲ ਸਰਕਾਰ ਸਾਬਤ ਹੋਈ ਹੈ । ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜ਼ਿਲ੍ਹਾ ਕਾਂਗਰਸ ਦੇ ਬਲਾਕ -1 ਦੇ ਪ੍ਰਧਾਨ ਤਲਵਿੰਦਰ ਸਿੰਘ ਟੋਨੀ ਅਰੋੜਾ ਨੇ ਵਾਰਡ ਨੰਬਰ 52 'ਚ ਝਾੜੂ ਖਿਲਾਰ ਰੋਸ ਪ੍ਰਦਰਸ਼ਨ ਦੌਰਾਨ ਕੀਤਾ ਙ ਅਰੋੜਾ ਨੇ ਕਿਹਾ ਕਿ ਬੀਤੇ ਦਿਨ ਅਪਣੇ ਹੱਕਾਂ ਲਈ ਧਰਨਾ ਦੇ ਰਹੇ ਬੇਰੋਜ਼ਗਾਰ ਨੌਜਵਾਨਾਂ ਤੇ ਪੁਲਿਸ ਵੱਲੋਂ ਉਹ ਤਸੱਦਦ ਕੀਤਾ ਗਿਆ ਜਿਸ ਨੂੰ ਸੋਸ਼ਲ ਮੀਡੀਆ ਰਾਹੀਂ ਸਾਰੀ ਦੁਨੀਆਂ ਨੇ ਦੇਖਿਆ। ਉਹਨਾਂ ਪੁਲਿਸ ਅਧਿਕਾਰੀਆਂ ਨੂੰ ਵੀ ਨਸੀਹਤ ਦਿੰਦਿਆਂ ਕਿਹਾ ਕਿ ਸਰਕਾਰ ਦੀ ਸ਼ਹਿ ਉੱਪਰ ਤਸ਼ੱਦਦ ਕਰਨਾ ਬੰਦ ਕਰਨ ਨਹੀਂ ਤਾਂ ਕਾਂਗਰਸੀ ਵਰਕਰ ਉਹਨਾਂ ਦਾ ਘਿਰਾਉ ਕਰਨਗੇ । ਟੋਨੀ ਅਰੋੜਾ ਨੇ 'ਆਪ' ਸਰਕਾਰ ਤੇ ਤੰਜ ਕਸਦਿਆ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਪਿਛਲੇ 4 ਸਾਲਾਂ ਦੌਰਾਨ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਸਲਾਖਾਂ ਪਿੱਛੇ ਤਾਂ ਭੇਜਿਆ ਨਹੀਂ ਗਿਆ ਹੁਣ ਝਾੜੂ ਖਿਲਾਰਣ ਵਾਲਿਆਂ ਤੇ ਪਰਚੇ ਦਰਜ ਕਰਕੇ ਸਰਕਾਰ ਕੀ ਦਿਖਾਉਣਾ ਚਾਹੁੰਦੀ ਹੈ। ਉਹਨਾਂ ਕਿਹਾ ਕਿ ਪੰਜਾਬ ਵਾਸੀ ਝਾੜੂ ਖਿਲਾਰਨ ਲਈ ਚੋਣਾਂ ਦੀ ਉਡੀਕ ਕਰ ਰਹੇ ਹਨ , ਫਿਰ ਉਹ ਕਿਸ ਕਿਸ ਉੱਪਰ ਪਰਚਾ ਦਰਜ ਕਰਨਗੇ । ਇਸ ਮੌਕੇ ਕੁਲਵਿੰਦਰ ਸਿੰਘ ਰਸ਼ੀਨ, ਤਰਨਜੀਤ ਸਿੰਘ ਬੰਟੀ, ਸਵਗੀਤ ਸਿੰਘ ਸਮਾਰਟੀ, ਨਵੀਨ ਨਾਹਰ, ਦੀਪ ਸ਼ਰਮਾ, ਚੇਤਨ ਅਰੋੜਾ, ਰੋਹਿਤ, ਸੋਨੂ ਅਤੇ ਬਲਾਕ ਮੀਡਿਆ ਇੰਚਾਰਜ ਰਜਿੰਦਰ ਸਿੰਘ ਬੰਟੀ ਵੀ ਹਾਜ਼ਰ ਸਨ ।



ਝਾੜੂ ਖਿਲਾਰ 'ਆਪ' ਸਰਕਾਰ ਵਿਰੁੱਧ ਰੋਸ਼ ਪ੍ਰਦਰਸ਼ਨ ਕਰਨ ਸਮੇਂ ਕਾਂਗਰਸ ਕਮੇਟੀ ਬਲਾਕ-1 ਦੇ ਪ੍ਰਧਾਨ ਤਲਵਿੰਦਰ ਸਿੰਘ ਟੋਨੀ ਅਤੇ ਪਾਰਟੀ ਵਰਕਰ।

# ਸਦਭਾਵਨਾ ਕਾਲਜ ਆਫ਼ ਐਜੂਕੇਸ਼ਨ ਫਾਰ ਵਮੈਨ, ਜਲਾਲਦੀਵਾਲ ਦਾ ਨਤੀਜਾ ਸ਼ਾਨਦਾਰ ਰਿਹਾ

**ਲੁਧਿਆਣਾ 8 ਜੂਨ (ਕਰਨੈਲ ਸਿੰਘ ਐੱਮ.ਏ.)** ਸਦਭਾਵਨਾ ਕਾਲਜ ਆਫ਼ ਐਜੂਕੇਸ਼ਨ ਫਾਰ ਵਮੈਨ, ਜਲਾਲਦੀਵਾਲ ਦੇ ਬੀ.ਐੱਡ, ਸਮੈਸਟਰ ਪਹਿਲਾ (2025-2027) ਦਾ ਨਤੀਜਾ ਬਹੁਤ ਸ਼ਾਨਦਾਰ ਰਿਹਾ। ਇਸ ਨਤੀਜੇ ਵਿੱਚ ਸਾਰੇ ਹੀ ਵਿਦਿਆਰਥੀਆਂ ਨੇ ਬਹੁਤ ਵਧੀਆ ਅੰਕ ਪ੍ਰਾਪਤ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ । ਇਹਨਾਂ ਵਿਦਿਆਰਥੀਆਂ ਵਿੱਚ ਜਾਨਵੀ ਗਰਗ ਪੁੱਤਰੀ ਪਵਨ ਕੁਮਾਰ ਨੇ (379/450) 84.22% ਅੰਕਾਂ ਨਾਲ ਪਹਿਲਾ ਸਥਾਨ ਪ੍ਰਾਪਤ ਕੀਤਾ, ਕਸ਼ਿਸਪ੍ਰੀਤ ਕੌਰ ਪੁੱਤਰੀ ਗਗਨਦੀਪ ਸਿੰਘ ਨੇ (378/450) 84% ਅੰਕਾਂ ਨਾਲ ਦੂਜਾ, ਪ੍ਰਿਆ ਰਾਣੀ ਪੁੱਤਰੀ ਰਾਜ ਕੁਮਾਰ ਨੇ (377/450) 83.77% ਅੰਕਾਂ ਨਾਲ ਕ੍ਰਮਵਾਰ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਤਰ੍ਹਾਂ ਇਨ੍ਹਾਂ ਬੱਚਿਆਂ ਨੇ ਆਪਣੇ ਮਾਤਾ-ਪਿਤਾ ਅਤੇ ਕਾਲਜ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਕਾਲਜ ਦੇ ਚੇਅਰਪਰਸਨ ਮੈਡਮ ਮਧੂਮੀਤਾ ਬੈਨਰਜੀ, ਜਨਰਲ ਸਕੱਤਰ ਮੈਡਮ ਨੀਰਜਾ ਕੁਠਿਆਲਾ, ਕਾਰਜਕਾਰੀ ਪ੍ਰਿੰਸੀਪਲ ਮੈਡਮ ਬਲਜੀਤ ਕੌਰ ਤੇ ਸਮੂਹ ਸਟਾਫ਼ ਵੱਲੋਂ ਸਾਰੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਵਧੀਆ ਕਾਰਕਜਾਰੀ ਲਈ ਵਧਾਈ ਦਿੱਤੀ ਗਈ।




# ਰਾਸ਼ਟਰ ਨਿਰਮਾਣ, ਪੱਤਰਕਾਰ ਭਲਾਈ ਅਤੇ ਸਮਾਜਿਕ ਸਰੋਕਾਰਾਂ ਲਈ ਸੰਜੇ ਰਾਠੀ ਸਨਮਾਨਿਤ







**ਰੋਹਤਕ, 8 ਜੂਨ (ਗੁਰਭਿੰਦਰ ਗੁਰੀ)** - ਉਜਾਲਾ ਆਜ ਤੱਕ ਮੀਡੀਆ ਗਰੁੱਪ ਵੱਲੋਂ ਮੈਨਾ ਟੂਰਿਸਟ ਕੰਪਲੈਕਸ, ਰੋਹਤਕ ਵਿਖੇ ਕਰਵਾਏ ਗਏ ਇੱਕ ਸ਼ਾਨਦਾਰ ਸਮਾਗਮ ਦੌਰਾਨ ਮੀਡੀਆ ਕੌਂਸਲ ਆਫ ਜਰਨਲਿਸਟਸ ਦੇ ਰਾਸ਼ਟਰੀ ਪ੍ਰਧਾਨ ਸੰਜੇ ਰਾਠੀ ਨੂੰ ਰਾਸ਼ਟਰ ਨਿਰਮਾਣ, ਪੱਤਰਕਾਰ ਭਲਾਈ, ਵਾਤਾਵਰਣ ਸੰਭਾਲ ਅਤੇ ਵੱਖ-ਵੱਖ ਸਮਾਜਿਕ ਮੁਹਿੰਮਾਂ ਵਿੱਚ ਸ਼ਲਾਘਾਯੋਗ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ।

ਸਮਾਗਮ ਦੇ ਮੁੱਖ ਮਹਿਮਾਨ ਰਾਜ ਸਿੰਘ ਨਾਂਦਲ ਨੇ ਸੰਜੇ ਰਾਠੀ ਦੇ ਯੋਗਦਾਨ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਪੱਤਰਕਾਰੀ ਨੂੰ ਸਮਾਜ ਅਤੇ ਰਾਸ਼ਟਰ ਸੇਵਾ ਦਾ ਪ੍ਰਭਾਵਸ਼ਾਲੀ ਮਾਧਿਅਮ ਬਣਾਇਆ ਹੈ। ਉਨ੍ਹਾਂ ਕਿਹਾ ਕਿ ਸੰਜੇ ਰਾਠੀ ਨੇ ਪੱਤਰਕਾਰਾਂ ਦੇ ਹੱਕਾਂ ਦੀ ਰੱਖਿਆ, ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਉਭਾਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਉਨ੍ਹਾਂ ਕਿਹਾ ਕਿ ਸੰਜੇ ਰਾਠੀ ਦਾ ਯੋਗਦਾਨ ਸਿਰਫ਼ ਪੱਤਰਕਾਰੀ ਤੱਕ ਹੀ ਸੀਮਿਤ ਨਹੀਂ, ਸਗੋਂ ਉਨ੍ਹਾਂ ਨੇ ਰੁੱਖ ਲਗਾਉਣ, ਜਲ ਸੰਭਾਲ, ਊਰਜਾ ਬਚਾਅ ਅਤੇ ਖੂਨਦਾਨ ਜਾਗਰੂਕਤਾ ਵਰਗੀਆਂ ਮੁਹਿੰਮਾਂ ਨੂੰ ਉਤਸ਼ਾਹਿਤ ਕਰਕੇ ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਦਾ ਕੰਮ ਕੀਤਾ ਹੈ। ਉਨ੍ਹਾਂ ਦੇ ਯਤਨਾਂ ਨੇ ਕਈ ਲੋਕਾਂ ਨੂੰ ਸਮਾਜ ਸੇਵਾ ਅਤੇ ਰਾਸ਼ਟਰ ਨਿਰਮਾਣ ਲਈ ਪ੍ਰੇਰਿਤ ਕੀਤਾ ਹੈ।

ਇਸ ਮੌਕੇ ਉਜਾਲਾ ਆਜ ਤੱਕ ਮੀਡੀਆ ਗਰੁੱਪ ਦੇ ਪ੍ਰਧਾਨ ਸੰਪਾਦਕ ਡਾ. ਰਮੇਸ਼ ਦੇਹਰਾਜ ਨੇ ਕਿਹਾ ਕਿ ਉਨ੍ਹਾਂ ਦੇ ਅਖ਼ਬਾਰ ਅਤੇ ਖ਼ਬਰ ਮੰਚ ਦਾ ਮੁੱਖ ਉਦੇਸ਼ ਆਮ ਲੋਕਾਂ ਦੀ ਆਵਾਜ਼ ਨੂੰ ਬੁਲੰਦ ਕਰਨਾ ਹੈ। ਉਨ੍ਹਾਂ ਕਿਹਾ ਕਿ ਮੀਡੀਆ ਦਾ ਫਰਜ਼ ਗਰੀਬਾਂ, ਮਜ਼ਦੂਰਾਂ, ਕਿਸਾਨਾਂ ਅਤੇ ਨੌਜਵਾਨਾਂ ਦੀਆਂ ਸਮੱਸਿਆਵਾਂ ਨੂੰ ਪ੍ਰਮੁੱਖਤਾ ਨਾਲ ਉਠਾਉਣਾ ਹੈ। ਲੋਕ ਸਰੋਕਾਰਾਂ ਵਾਲੀ ਪੱਤਰਕਾਰੀ ਹੀ ਲੋਕਤੰਤਰ ਨੂੰ ਮਜ਼ਬੂਤ ਬਣਾਉਂਦੀ ਹੈ।

ਸਮਾਗਮ ਦੌਰਾਨ ਸਮਾਜ, ਸਿੱਖਿਆ, ਪੱਤਰਕਾਰੀ ਅਤੇ ਲੋਕ ਸੇਵਾ ਦੇ ਖੇਤਰਾਂ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੀਆਂ ਕਈ ਸ਼ਖ਼ਸੀਅਤਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਜਾਲਾ ਆਜ ਤੱਕ ਮੀਡੀਆ ਗਰੁੱਪ ਦੀ ਮਾਸਿਕ ਪੱਤਰਿਕਾ ਦੇ ਪਹਿਲੇ ਅੰਕ ਦਾ ਵੀ ਵਿਧੀਵਤ ਲੋਕ ਅਰਪਣ ਕੀਤਾ ਗਿਆ, ਜਿਸ ਨੂੰ ਹਾਜ਼ਰ ਮਹਿਮਾਨਾਂ ਨੇ ਲੋਕ-ਹਿਤਕਾਰੀ ਅਤੇ ਸ਼ਲਾਘਾਯੋਗ ਪਹਿਲ ਦੱਸਿਆ। ਮੁੱਖ ਮਹਿਮਾਨ ਰਾਜ ਸਿੰਘ ਨਾਂਦਲ ਨੇ ਮੈਨਾ ਟੂਰਿਸਟ ਕੰਪਲੈਕਸ ਪਰਿਸਰ ਵਿੱਚ ਫਲਦਾਰ ਪੌਦੇ ਲਗਾ ਕੇ ਵਾਤਾਵਰਣ ਸੰਭਾਲ ਦਾ ਸੰਦੇਸ਼ ਦਿੱਤਾ। ਉਨ੍ਹਾਂ ਹਾਜ਼ਰ ਲੋਕਾਂ ਨੂੰ ਮਨੀ ਪਲਾਂਟ ਦੇ ਪੌਦੇ ਭੇਟ ਕਰਦਿਆਂ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਹਰਿਆਵਲੀ ਵਧਾਉਣ ਦੀ ਅਪੀਲ ਕੀਤੀ। ਇਸ ਮੌਕੇ ਨੀਰਜ ਪਾਇਲਟ ਨੇ ਕਿਹਾ ਕਿ ਰਾਸ਼ਟਰ ਨਿਰਮਾਣ ਕੇਵਲ ਸਰਕਾਰਾਂ ਦੀ ਜ਼ਿੰਮੇਵਾਰੀ ਨਹੀਂ, ਸਗੋਂ ਹਰ ਨਾਗਰਿਕ ਦਾ ਫਰਜ਼ ਹੈ। ਉਨ੍ਹਾਂ ਕਿਹਾ ਕਿ ਸਿੱਖਿਆ, ਵਾਤਾਵਰਣ ਸੰਭਾਲ, ਸਮਾਜਿਕ ਸਦਭਾਵਨਾ, ਜਲ ਸੰਭਾਲ, ਖੂਨਦਾਨ ਅਤੇ ਸੇਵਾ ਕਾਰਜਾਂ ਰਾਹੀਂ ਹਰ ਵਿਅਕਤੀ ਦੇਸ਼ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਪਾ ਸਕਦਾ ਹੈ।

ਸਨਮਾਨ ਪ੍ਰਾਪਤ ਕਰਦਿਆਂ ਸੰਜੇ ਰਾਠੀ ਨੇ ਆਯੋਜਕਾਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਸਨਮਾਨ ਉਨ੍ਹਾਂ ਨੂੰ ਸਮਾਜ, ਪੱਤਰਕਾਰੀ ਅਤੇ ਰਾਸ਼ਟਰ ਹਿਤ ਦੇ ਕੰਮਾਂ ਨੂੰ ਹੋਰ ਵੱਧ ਸਮਰਪਣ ਅਤੇ ਵਚਨਬੱਧਤਾ ਨਾਲ ਅੱਗੇ ਵਧਾਉਣ ਲਈ ਪ੍ਰੇਰਿਤ ਕਰੇਗਾ। ਉਨ੍ਹਾਂ ਕਿਹਾ ਕਿ ਵਾਤਾਵਰਣ ਸੰਭਾਲ, ਜਲ ਅਤੇ ਊਰਜਾ ਬਚਾਅ ਅਤੇ ਖੂਨਦਾਨ ਵਰਗੀਆਂ ਲੋਕ ਭਲਾਈ ਮੁਹਿੰਮਾਂ ਨੂੰ ਜਨ ਅੰਦੋਲਨ ਦਾ ਰੂਪ ਦੇਣਾ ਸਮੇਂ ਦੀ ਲੋੜ ਹੈ।

ਇਸ ਮੌਕੇ ਬਲਰਾਜ ਸਿੰਘ ਨਾਂਦਲ, ਮੰਜੀਤ ਸਿੰਘ ਫੌਗਾਟ, ਵੀਰੇਂਦਰ ਮਧੁਰ, ਗਗਨ ਹਰਿਆਣਵੀ, ਡਾ. ਪਵਨ, ਸੇਵਾਮੁਕਤ ਇੰਜੀਨੀਅਰ ਰਾਮਪ੍ਰਸਾਦ, ਸੀਨੀਅਰ ਪੱਤਰਕਾਰ ਸੁਕਰ-ਮਪਾਲ, ਮੀਡੀਆ ਕੌਂਸਲ ਆਫ ਜਰਨਲਿਸਟਸ ਦੇ ਰਾਸ਼ਟਰੀ ਬੁਲਾਰੇ ਰਾਮਕਰਨ ਪੂਨੀਆ, ਜਗਦੇਵ ਸਿੰਘ, ਸੁਰੇਂਦਰ ਮਲਿਕ, ਸਾਬਕਾ ਸਰਪੰਚ ਕ੍ਰਿਸ਼ਨ ਕਬੂਲਪੁਰ, ਅਨੁਜ ਕੁਲਸ਼੍ਰੇਸ਼ਠ ਅਤੇ ਨੀਲਮ ਆਰਿਆ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਪੱਤਰਕਾਰਾਂ, ਸਮਾਜ ਸੇਵਕਾਂ, ਸਿੱਖਿਆਵਿਦਾਂ, ਨੌਜਵਾਨਾਂ ਅਤੇ ਪਤਵੰਤੇ ਨਾਗਰਿਕਾਂ ਨੇ ਭਾਗ ਲਿਆ।

ਵਕਤਾਵਾਂ ਨੇ ਕਿਹਾ ਕਿ ਅਜਿਹੇ ਸਮਾਗਮ ਸਮਾਜ ਵਿੱਚ ਜਾਗਰੂਕਤਾ, ਸਮਾਜਿਕ ਜ਼ਿੰਮੇਵਾਰੀ ਅਤੇ ਰਾਸ਼ਟਰ ਹਿਤ ਦੀ ਭਾਵਨਾ ਨੂੰ ਮਜ਼ਬੂਤ ਕਰਦੇ ਹਨ ਅਤੇ ਲੋਕਾਂ ਨੂੰ ਸਕਾਰਾਤਮਕ ਸਮਾਜਿਕ ਬਦਲਾਅ ਲਈ ਪ੍ਰੇਰਿਤ ਕਰਦੇ ਹਨ।

# ਵਾਈਟ ਹਾਊਸ ਫਾਰਮ ਕਤਲ ਕਾਂਡ ਵਿੱਚ ਨਵੇਂ ਦਸਤਾਵੇਜ਼ਾਂ ਨੇ ਮੁੜ ਛੇੜੀ ਬਹਿਸ

**ਲੈਸਟਰ (ਇੰਗਲੈਂਡ), 8 ਜੂਨ (ਸੁਖਜਿੰਦਰ ਸਿੰਘ ਢੱਡੇ)–** ਬ੍ਰਿਟੇਨ ਦੇ ਸਭ ਤੋਂ ਚਰਚਿਤ ਅਪਰਾਧਿਕ ਮਾਮਲਿਆਂ ਵਿੱਚੋਂ ਇੱਕ ਵਾਈਟ ਹਾਊਸ ਫਾਰਮ ਕਤਲ ਕਾਂਡ ਇੱਕ ਵਾਰ ਫਿਰ ਸੁਰਖੀਆਂ ਵਿੱਚ ਹੈ। 1985 ਵਿੱਚ ਐਸੈਕਸ ਦੇ ਟੋਲੇਸ਼ੰਟ ਡਾਰਸੀ ਸਥਿਤ ਇੱਕ ਫਾਰਮ ਹਾਊਸ ਵਿੱਚ ਇੱਕੋ ਪਰਿਵਾਰ ਦੇ ਪੰਜ ਮੈਂਬਰਾਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇਸ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤੇ ਗਏ ਜੇਰੇਮੀ ਬੈਂਬਰ ਦੀ ਕਾਨੂੰਨੀ ਟੀਮ ਹੁਣ ਨਵੇਂ ਦਸਤਾਵੇਜ਼ਾਂ ਦੇ ਆਧਾਰ 'ਤੇ ਉਸ ਦੀ ਬੇਗੁਨਾਹੀ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। 7 ਅਗਸਤ 1985 ਨੂੰ ਨੇਵਿਲ ਅਤੇ ਜੂਨ ਬੈਂਬਰ, ਉਨ੍ਹਾਂ ਦੀ ਧੀ ਸ਼ੀਲਾ ਕੈਫਲ ਅਤੇ ਸ਼ੀਲਾ ਦੇ ਛੇ ਸਾਲਾ ਜੁੜਵਾ ਪੁੱਤਰ ਨਿਕੋਲਸ ਅਤੇ ਡੈਨੀਅਲ ਆਪਣੇ ਘਰ ਵਿੱਚ ਗੋਲੀਆਂ ਲੱਗਣ ਨਾਲ ਮ੍ਰਿਤਕ ਮਿਲੇ ਸਨ। ਸ਼ੁਰੂਆਤੀ ਜਾਂਚ ਵਿੱਚ ਪੁਲਿਸ ਦਾ ਮੰਨਣਾ ਸੀ ਕਿ ਮਾਨਸਿਕ ਸਿਹਤ ਸਮੱਸਿਆਵਾਂ ਨਾਲ ਜੂਝ ਰਹੀ ਸ਼ੀਲਾ ਨੇ ਪਹਿਲਾਂ ਆਪਣੇ ਪਰਿਵਾਰ ਦੀ ਹੱਤਿਆ ਕੀਤੀ ਅਤੇ ਫਿਰ ਖੁਦਕੁਸ਼ੀ ਕਰ ਲਈ। ਹਾਲਾਂਕਿ ਬਾਅਦ ਵਿੱਚ ਜਾਂਚ ਦਾ ਰੁਖ ਬਦਲ ਗਿਆ ਅਤੇ ਸ਼ੀਲਾ ਦੇ ਭਰਾ ਜੇਰੇਮੀ ਬੈਂਬਰ ਨੂੰ ਗ੍ਰਿਫ਼ਤਾਰ ਕਰਕੇ ਕਤਲਾਂ ਲਈ ਦੋਸ਼ੀ ਠਹਿਰਾਇਆ ਗਿਆ। ਅਦਾਲਤ ਨੇ ਮੰਨਿਆ ਕਿ ਜੇਰੇਮੀ ਨੇ ਜਾਇਦਾਦ ਅਤੇ ਵਿਰਾਸਤ ਹਾਸਲ ਕਰਨ ਦੇ ਲਾਲਚ ਵਿੱਚ ਇਹ ਕਤਲ ਕੀਤੇ ਅਤੇ ਦੋਸ਼ ਆਪਣੀ ਭੈਣ 'ਤੇ ਮੜ੍ਹਣ ਦੀ ਕੋਸ਼ਿਸ਼ ਕੀਤੀ। ਉਸ ਨੂੰ ਉਮਰ ਕੈਦ ਦੀ



**ਸ਼ੀਲਾ ਕੈਫਲ (ਬੈਂਬੀ) ਆਪਣੇ ਜੁੜਵਾ ਪੁੱਤਰਾਂ ਡੈਨੀਅਲ ਅਤੇ ਨਿਕੋਲਸ ਨਾਲ। ਵਾਈਟ ਹਾਊਸ ਫਾਰਮ ਕਤਲ ਕਾਂਡ ਵਿੱਚ ਤਿੰਨਾਂ ਦੀ ਮੌਤ ਹੋ ਗਈ ਸੀ।ਤਸਵੀਰ:– ਸੁਖਜਿੰਦਰ ਸਿੰਘ ਢੱਡੇ**

ਸਜ਼ਾ ਸੁਣਾਈ ਗਈ ਸੀ। ਹੁਣ ਬੈਂਬਰ ਦੀ ਕਾਨੂੰਨੀ ਟੀਮ ਦਾ ਦਾਅਵਾ ਹੈ ਕਿ ਸ਼ੀਲਾ ਵੱਲੋਂ ਲਿਖੇ ਗਏ ਕੁਝ ਹੱਥ-ਲਿਖਤ ਪੱਤਰ ਅਤੇ ਨੋਟ ਇਸ ਮਾਮਲੇ ਵਿੱਚ ਨਵਾਂ ਮੋੜ ਲਿਆ ਸਕਦੇ ਹਨ। ਇਹ ਦਸਤਾਵੇਜ਼ ਕਥਿਤ ਤੌਰ 'ਤੇ ਘਟਨਾ ਵੇਲੇ ਉਸ ਦੇ ਕਮਰੇ ਵਿੱਚੋਂ ਮਿਲੇ ਸਨ, ਪਰ ਉਨ੍ਹਾਂ ਨੂੰ ਮੁਕੱਦਮੇ ਦੌਰਾਨ ਮਹੱਤਵਪੂਰਨ ਸਬੂਤ ਵਜੋਂ ਪੇਸ਼ ਨਹੀਂ ਕੀਤਾ ਗਿਆ। ਕੁਝ ਮਾਹਿਰਾਂ ਦਾ ਮੰਨਣਾ ਹੈ ਕਿ ਇਨ੍ਹਾਂ ਲਿਖਤਾਂ ਤੋਂ ਸ਼ੀਲਾ ਦੀ ਮਾਨਸਿਕ ਹਾਲਤ ਬਾਰੇ ਸੰਕੇਤ ਮਿਲਦੇ ਹਨ। ਫੋਰੈਂਸਿਕ ਮਨੋਵਿਗਿਆਨ ਮਾਹਿਰਾਂ ਨੇ ਕਿਹਾ ਹੈ ਕਿ ਲਿਖਤਾਂ ਵਿੱਚ ਉਲਝਣ, ਗੈਰ-ਤਰਤੀਬ ਸੋਚ ਅਤੇ ਮਾਨਸਿਕ ਅਸਥਿਰਤਾ ਦੇ ਸੰਕੇਤ ਦਿਖਾਈ ਦਿੰਦੇ ਹਨ, ਜੋ ਉਸ ਸਮੇਂ ਉਸ ਦੀ ਮਾਨਸਿਕ ਸਿਹਤ ਨਾਲ ਜੁੜੀਆਂ ਸਮੱਸਿਆਵਾਂ ਨਾਲ ਮੇਲ ਖਾਂਦੇ ਹਨ।ਬੈਂਬਰ ਦੇ ਵਕੀਲਾਂ ਦਾ ਕਹਿਣਾ ਹੈ ਕਿ ਜੇ ਇਹ ਦਸਤਾਵੇਜ਼ ਉਸ ਵੇਲੇ ਬਚਾਅ ਪੱਖ ਨੂੰ ਉਪਲਬਧ ਕਰਵਾਏ ਜਾਂਦੇ ਤਾਂ ਜਿਊਰੀ ਅੱਗੇ ਇੱਕ ਵੱਖਰੀ ਤਸਵੀਰ ਪੇਸ਼ ਕੀਤੀ ਜਾ ਸਕਦੀ ਸੀ। ਉਨ੍ਹਾਂ ਦਾ ਦਾਅਵਾ ਹੈ ਕਿ ਇਹ ਸਬੂਤ ਮੁਕੱਦਮੇ ਦੇ ਨਤੀਜੇ ਨੂੰ ਪ੍ਰਭਾਵਿਤ ਕਰ ਸਕਦੇ ਸਨ। ਦੂਜੇ ਪਾਸੇ ਐਸੈਕਸ ਪੁਲਿਸ ਨੇ ਆਪਣਾ ਰੁਖ ਬਰਕਰਾਰ ਰੱਖਦਿਆਂ ਕਿਹਾ ਹੈ ਕਿ ਸਾਲਾਂ ਦੌਰਾਨ ਹੋਈਆਂ ਕਈ ਅਪੀਲਾਂ ਅਤੇ ਸੁਤੰਤਰ ਸਮੀਖਿਆਵਾਂ ਵਿੱਚ ਜੇਰੇਮੀ ਬੈਂਬਰ ਦੀ ਦੋਸ਼ੀ ਹੋਣ ਦੀ ਸਥਿਤੀ ਨੂੰ ਹੀ ਕਾਇਮ ਰੱਖਿਆ ਗਿਆ ਹੈ। ਪੁਲਿਸ ਦਾ ਕਹਿਣਾ ਹੈ ਕਿ ਅਦਾਲਤਾਂ ਅਤੇ ਸਮੀਖਿਆ ਕਮਿਸ਼ਨਾਂ ਨੇ ਕਦੇ ਵੀ ਉਸ ਦੀ ਸਜ਼ਾ ਨੂੰ ਗਲਤ ਨਹੀਂ ਮੰਨਿਆ।ਚਾਰ ਦਹਾਕਿਆਂ ਤੋਂ ਵੱਧ ਸਮਾਂ ਜੇਲ੍ਹ ਵਿੱਚ ਬਿਤਾ ਚੁੱਕੇ ਜੇਰੇਮੀ ਬੈਂਬਰ ਨੇ ਹਮੇਸ਼ਾ ਆਪਣੇ ਆਪ ਨੂੰ ਬੇਗੁਨਾਹ ਦੱਸਿਆ ਹੈ। ਹੁਣ ਨਵੇਂ ਦਸਤਾਵੇਜ਼ਾਂ ਅਤੇ ਹੋਰ ਕਥਿਤ ਸਬੂਤਾਂ ਦੇ ਆਧਾਰ 'ਤੇ ਉਸ ਦੀ ਕਾਨੂੰਨੀ ਟੀਮ ਇਕ ਵਾਰ ਫਿਰ ਮਾਮਲੇ ਦੀ ਸਮੀਖਿਆ ਕਰਵਾਉਣ ਲਈ ਯਤਨ ਕਰ ਰਹੀ ਹੈ।ਇਹ ਮਾਮਲਾ ਬ੍ਰਿਟਿਸ਼ ਅਪਰਾਧਿਕ ਇਤਿਹਾਸ ਦੇ ਸਭ ਤੋਂ ਵਿਵਾਦਪੂਰਨ ਕੇਸਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ ਅਤੇ ਨਵੇਂ ਖੁਲਾਸਿਆਂ ਕਾਰਨ ਇਸ ਬਾਰੇ ਚਰਚਾ ਮੁੜ ਤੇਜ਼ ਹੋ ਗਈ ਹੈ।

# ਪ੍ਰਦਰਸ਼ਨਕਾਰੀ ਨੌਜਵਾਨਾਂ ਨੂੰ ਡੀ ਐਸ ਪੀ ਸਿੰਗਲਾ ਨੇ ਪਸ਼ੂਆਂ ਦੀ ਤਰ੍ਹਾਂ ਕੁੱਟਿਆ : ਐਡਵੋਕੇਟ ਰੋਹਿਤ ਜੋਸ਼ੀ

**ਹੁਸ਼ਿਆਰਪੁਰ 8 ਜੂਨ ( ਤਰਸੇਮ ਦੀਵਾਨਾ )** – ਬੀਤੇ ਦਿਨੀ ਪਟਿਆਲਾ ਵਿਖੇ ਚੱਲ ਰਹੇ ਸ਼ਾਂਤਮਈ ਪ੍ਰਦਰਸ਼ਨ ਦੌਰਾਨ ਉਸ ਵੇਲੇ ਮਾਹੌਲ ਬੇਹੱਦ ਤਣਾਅਪੂਰਨ ਹੋ ਗਿਆ, ਜਦੋਂ ਪੁਲਿਸ ਪ੍ਰਸ਼ਾਸਨ ਵੱਲੋਂ ਹੱਕ ਮੰਗ ਰਹੇ ਨੌਜਵਾਨਾਂ 'ਤੇ ਕਥਿਤ ਤੌਰ 'ਤੇ ਬੇਰਹਿਮੀ ਨਾਲ ਲਾਠੀਚਾਰਜ ਕੀਤਾ ਗਿਆ। ਇਹਨਾਂ ਗੱਲਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਉੱਘੇ ਆਗੂ ਅਤੇ ਐਡਵੋਕੇਟ ਪੰਜਾਬ ਐਂਡ ਹਰਿਆਣਾ ਹਾਈਕੋਰਟ ਰੋਹਿਤ ਜੋਸ਼ੀ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ। ਉਹਨਾਂ ਕਿਹਾ ਕਿ ਪ੍ਰਦਰਸ਼ਨ ਕਰ ਰਹੇ ਨੌਜਵਾਨਾਂ ਵਿੱਚੋਂ ਇੱਕ ਨੌਜਵਾਨ ਦਾ ਉੱਥੇ ਇੱਕ ਪੁਲਿਸ ਮੁਲਾਜ਼ਮ ਨੇ ਜ਼ਬਰਦਸਤੀ ਮੋਬਾਈਲ ਫੋਨ ਖੋਹ ਲਿਆ। ਜਦੋਂ ਉਕਤ ਪੀੜਤ ਨੌਜਵਾਨ ਨੇ ਮੁਲਾਜ਼ਮ



ਕੋਲੋਂ ਆਪਣਾ ਫੋਨ ਵਾਪਸ ਮੰਗਿਆ ਤਾਂ ਮੌਕੇ 'ਤੇ ਮੌਜੂਦ ਡੀ.ਐਸ.ਪੀ. ਸਿੰਗਲਾ ਨੇ ਆਪਾ ਖੋਹ ਲਿਆ । ਉਹਨਾਂ ਕਿਹਾ ਕਿ ਡੀ.ਐਸ.ਪੀ. ਸਿੰਗਲਾ ਨੇ ਕਾਨੂੰਨ ਨੂੰ ਛਿੱਕੇ ਟੰਗ ਕੇ ਖੁਦ ਅੱਗੇ ਹੋ ਕੇ ਨਿਹੱਥੇ ਨੌਜਵਾਨਾ 'ਤੇ ਤਾਬੜਤੋੜ ਡਾਂਗਾਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ। ਪੁਲਿਸ ਅਧਿਕਾਰੀ ਵੱਲੋਂ ਕੀਤੀ ਗਈ ਇਸ ਬੇਰਹਿਮ ਕੁੱਟਮਾਰ ਕਾਰਨ ਕਈ ਨੌਜਵਾਨ ਗੰਭੀਰ ਰੂਪ ਵਿੱਚ ਜ਼ਖਮੀ ਵੀ ਹੋ ਗਏ ।

**ਲੋਕਾਂ ਵਿੱਚ ਭਾਰੀ ਰੋਸ, ਕਾਰਵਾਈ ਦੀ ਮੰਗ**

ਉਹਨਾਂ ਕਿਹਾ ਕਿ ਇਸ ਘਟਨਾ ਦੀ ਵੀਡੀਓ ਅਤੇ ਖ਼ਬਰ ਜਿਵੇਂ ਹੀ ਅੱਗ ਵਾਂਗ ਫੈਲੀ, ਪ੍ਰਦਰਸ਼ਨਕਾਰੀਆਂ ਅਤੇ ਸਥਾਨਕ ਲੋਕਾਂ ਵਿੱਚ ਪੁਲਿਸ ਦੀ ਇਸ ਧੱਕੇਸ਼ਾਹੀ ਖ਼ਿਲਾਫ਼ ਭਾਰੀ ਰੋਸ ਪੈਦਾ ਹੋ ਗਿਆ ਹੈ। ਇਕੱਠੇ ਹੋਏ ਨੌਜਵਾਨਾਂ ਅਤੇ ਆਗੂਆਂ ਨੇ ਪੁਲਿਸ ਪ੍ਰਸ਼ਾਸਨ ਦੇ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ।

**ਪ੍ਰਦਰਸ਼ਨਕਾਰੀ ਆਗੂਆਂ ਦਾ ਬਿਆਨ:** ਉਹਨਾਂ ਕਿਹਾ ਕਿ ਲਾਈਨ ਮੈਨ ਸ਼ਾਂਤਮਈ ਢੰਗ ਨਾਲ ਆਪਣਾ ਪ੍ਰਦਰਸ਼ਨ ਕਰ ਰਹੇ ਸਨ । ਪੁਲਿਸ ਵੱਲੋਂ ਹੱਕ ਮੰਗਣ 'ਤੇ ਡੀ.ਐਸ.ਪੀ. ਵਰਗੇ ਜ਼ਿੰਮੇਵਾਰ ਅਹੁਦੇ 'ਤੇ ਬੈਠੇ ਅਧਿਕਾਰੀ ਵੱਲੋਂ ਖੁਦ ਡਾਂਗਾਂ ਮਾਰਨਾ ਸਰਾਸਰ ਗੁੰਡਾਗਰਦੀ ਹੈ। ਉਹਨਾਂ ਮੰਗ ਕੀਤੀ ਕਿ ਉਕਤ ਡੀ.ਐਸ.ਪੀ. ਸਿੰਗਲਾ ਅਤੇ ਦੋਸ਼ੀ ਮੁਲਾਜ਼ਮਾਂ ਖਿਲਾਫ ਤੁਰੰਤ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ।

# ਡੇਂਗੂ ਖ਼ਿਲਾਫ਼ ਜਾਗਰੂਕਤਾ ਦਾ ਸੰਦੇਸ਼ ਲੈ ਕੇ ਆਈ ਫਿਲਮ "ਡੇਂਗੂ ਦਾ ਖਤਰਾ" ਰਿਲੀਜ਼

## ਸਟੇਟ ਤੇ ਨੈਸ਼ਨਲ ਅਵਾਰਡੀ ਅਧਿਆਪਕ ਕਰਮਜੀਤ ਸਿੰਘ ਗਰੇਵਾਲ ਦੀ ਇੱਕ ਹੋਰ ਸਮਾਜਿਕ ਪੇਸ਼ਕਸ਼

**ਲੁਧਿਆਣਾ 8 ਜੂਨ (ਕਰਨੈਲ ਸਿੰਘ ਐੱਮ.ਏ.)** ਡੇਂਗੂ ਵਰਗੀ ਗੰਭੀਰ ਬਿਮਾਰੀ ਤੋਂ ਬਚਾਅ ਲਈ ਲੋਕਾਂ ਨੂੰ ਜਾਗਰੂਕ ਕਰਨ ਦੇ ਉਦੇਸ਼ ਨਾਲ ਸਟੇਟ ਅਤੇ ਨੈਸ਼ਨਲ ਅਵਾਰਡੀ ਅਧਿਆਪਕ ਕਰਮਜੀਤ ਸਿੰਘ ਗਰੇਵਾਲ ਵੱਲੋਂ ਲਿਖੀ ਅਤੇ ਨਿਰਦੇਸ਼ਿਤ ਸ਼ਾਰਟ ਫਿਲਮ "ਡੇਂਗੂ ਦਾ ਖਤਰਾ" ਨੂੰ ਅੱਜ ਸਿਵਲ ਸਰਜਨ ਲੁਧਿਆਣਾ ਡਾ: ਰਮਨਦੀਪ ਆਹਲੂਵਾਲੀਆ ਵੱਲੋਂ ਰਸਮੀ ਤੌਰ 'ਤੇ ਰਿਲੀਜ਼ ਕੀਤਾ ਗਿਆ। ਇਹ ਫਿਲਮ ਸਰਕਾਰੀ ਹਾਈ ਸਕੂਲ ਖੇੜੀ ਝਮੇੜੀ, ਲੁਧਿਆਣਾ ਦੇ ਬਾਲ ਕਲਾਕਾਰਾਂ ਵੱਲੋਂ ਅਦਾਕਾਰੀ ਕਰਕੇ ਤਿਆਰ ਕੀਤੀ ਗਈ ਹੈ। ਫਿਲਮ ਰਿਲੀਜ਼ ਕਰਦਿਆਂ ਡਾ: ਰਮਨਦੀਪ ਆਹਲੂਵਾਲੀਆ ਨੇ ਕਿਹਾ ਕਿ ਡੇਂਗੂ ਦੀ ਰੋਕਥਾਮ ਲਈ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨਾ ਬਹੁਤ ਜ਼ਰੂਰੀ ਹੈ ਅਤੇ ਇਹ ਫਿਲਮ ਇਸ ਮਕਸਦ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੂਰਾ ਕਰਦੀ ਹੈ। ਉਨ੍ਹਾਂ ਸਕੂਲ ਦੇ ਮੁੱਖ ਅਧਿਆਪਕ ਸ੍ਰ: ਗੁਰਦਰਸ਼ਨ ਸਿੰਘ, ਬਾਲ ਕਲਾਕਾਰਾਂ ਅਤੇ ਫਿਲਮ ਦੇ ਲੇਖਕ-ਨਿਰਦੇਸ਼ਕ ਕਰਮਜੀਤ ਸਿੰਘ ਗਰੇਵਾਲ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਿੱਖਿਆ ਦੇ ਨਾਲ-ਨਾਲ ਸਮਾਜਿਕ



**ਫਿਲਮ "ਡੇਂਗੂ ਦਾ ਖਤਰਾ" ਸਿਹਤ ਜਾਗਰੂਕਤਾ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਉਪਰਾਲਾ ਹੈ, ਜੋ ਮਨੋਰੰਜਨ ਦੇ ਨਾਲ-ਨਾਲ ਲੋਕਾਂ ਨੂੰ ਇੱਕ ਅਹਿਮ ਸਮਾਜਿਕ ਸੰਦੇਸ਼ ਵੀ ਦਿੰਦੀ ਹੈ।**

ਜ਼ਿੰਮੇਵਾਰੀਆਂ ਨਿਭਾਉਣ ਦੀ ਇਹ ਸ਼ਲਾਘਾਯੋਗ ਪਹਿਲ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਭਵਿੱਖ ਵਿੱਚ ਵੀ ਅਜਿਹੀਆਂ ਸਾਰਥਕ ਅਤੇ ਜਨ-ਹਿਤੈਸ਼ੀ ਫਿਲਮਾਂ ਦਰਸ਼ਕਾਂ ਨੂੰ ਦੇਖਣ ਨੂੰ ਮਿਲਣਗੀਆਂ। ਇਸ ਮੌਕੇ ਕਰਮਜੀਤ ਸਿੰਘ ਗਰੇਵਾਲ ਨੇ ਦੱਸਿਆ ਕਿ ਫਿਲਮ ਦਾ ਮੁੱਖ ਉਦੇਸ਼ ਲੋਕਾਂ ਨੂੰ ਡੇਂਗੂ ਦੇ ਕਾਰਨਾਂ, ਲੱਛਣਾਂ ਅਤੇ ਬਚਾਅ ਦੇ ਤਰੀਕਿਆਂ ਬਾਰੇ ਜਾਣੂ ਕਰਵਾਉਣਾ ਹੈ ਤਾਂ ਜੋ ਹਰ ਨਾਗਰਿਕ ਆਪਣੀ ਅਤੇ ਆਪਣੇ ਪਰਿਵਾਰ ਦੀ ਸਿਹਤ ਦੀ ਸੁਰੱਖਿਆ ਕਰ ਸਕੇ। ਜ਼ਿਕਰਯੋਗ ਹੈ ਕਿ ਕਰਮਜੀਤ ਸਿੰਘ ਗਰੇਵਾਲ ਦੀ ਸਮਾਜਿਕ ਸਰੋਕਾਰਾਂ ਨਾਲ ਜੁੜੀ ਫਿਲਮ "ਸਕਰੀਨ ਬੁਖਾਰ" ਨੂੰ ਹਾਲ ਹੀ ਵਿੱਚ ਕੈਨੇਡਾ ਵਿੱਚ ਸਰਵੋਤਮ ਸਮਾਜਿਕ ਫਿਲਮ ਦਾ ਅੰਤਰਰਾਸ਼ਟਰੀ ਅਵਾਰਡ ਪ੍ਰਾਪਤ ਹੋਇਆ ਹੈ। ਇਸ ਤੋਂ ਇਲਾਵਾ ਉਨ੍ਹਾਂ ਦੇ ਲਿਖੇ ਅਤੇ ਗਾਏ ਗੀਤਾਂ ਨੂੰ ਵੀ ਕਈ ਅੰਤਰਰਾਸ਼ਟਰੀ ਸਨਮਾਨ ਮਿਲ ਚੁੱਕੇ ਹਨ। ਭਾਰਤ ਸਰਕਾਰ ਵੱਲੋਂ ਉਨ੍ਹਾਂ ਦੀ ਲਿਖੀ ਲੋਰੀ ਨੂੰ 1.25 ਲੱਖ ਰੁਪਏ ਦਾ ਇਨਾਮ ਦਿੱਤਾ ਜਾ ਚੁੱਕਾ ਹੈ। ਸਾਹਿਤ ਦੇ ਖੇਤਰ ਵਿੱਚ ਵੀ ਉਹ ਵਿਲੱਖਣ ਪਛਾਣ ਰੱਖਦੇ ਹਨ ਅਤੇ ਉਨ੍ਹਾਂ ਦੀਆਂ 13 ਕਿਤਾਬਾਂ ਸਕੂਲ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹਨ।ਇਸ ਮੌਕੇ ਜ਼ਿਲ੍ਹਾ ਟੀਕਾਕਰਨ ਅਫਸਰ ਡਾ: ਹਰਪ੍ਰੀਤ ਸਿੰਘ, ਜ਼ਿਲ੍ਹਾ ਸਿਹਤ ਅਫਸਰ ਡਾ: ਆਸ਼ੀਸ਼ ਚਾਵਲਾ, ਜ਼ਿਲ੍ਹਾ ਐਪੀਡੀਮਿਓਲੋਜਿਸਟ ਡਾ: ਸੁਪਰੀਤ ਕੌਰ, ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਰਮਨਦੀਪ ਕੌਰ, ਡਿਪਟੀ ਮਾਸ ਮੀਡੀਆ ਅਫ਼ਸਰ ਰਜਿੰਦਰ ਸਿੰਘ, ਸਤਿੰਦਰ ਸਿੰਘ (ਐਮ.ਪੀ.ਐਚ.ਐਸ.), ਮਨਪ੍ਰੀਤ ਸਿੰਘ (ਏ.ਐਮ.ਓ.) ਅਤੇ ਸੁਖਪ੍ਰੀਤ ਸਿੰਘ ਵੀ ਹਾਜ਼ਰ ਸਨ।

# ਧਰਤੀ ਨੂੰ ਹਰਿਆ-ਭਰਿਆ ਬਣਾਉਣ ਦੀ ਮੁਹਿੰਮ ਵਿੱਚ ਜੁਟਿਆ ਸ਼੍ਰੀ ਕ੍ਰਿਸ਼ਨਾ ਯੂਥ ਕਲੱਬ, ਵਿਸ਼ਵ ਵਾਤਾਵਰਣ ਦਿਵਸ ਮੌਕੇ ਲਗਾਏ ਬੂਟੇ

### ਮੈਂਬਰਾਂ ਅਤੇ ਸਥਾਨਕ ਨਾਗਰਿਕਾਂ ਨੇ ਮਿਲ ਕੇ ਲਗਾਏ ਬੂਟੇ, ਸਾਫ਼-ਸੁਥਰੇ ਵਾਤਾਵਰਣ, ਜਲਵਾਯੂ ਸੁਰੱਖਿਆ ਅਤੇ ਬਿਹਤਰ ਭਵਿੱਖ ਪ੍ਰਤੀ ਕੀਤਾ ਜਾਗਰੂਕ

**ਨਵਾਂਸ਼ਹਿਰ, 8 ਜੂਨ(ਜਤਿੰਦਰ ਪਾਲ ਸਿੰਘ ਕਲੇਰ )** ਯੁਵਾ ਕਾਰਜਕ੍ਰਮ ਅਤੇ ਖੇਡ ਮੰਤਰਾਲਾ, ਭਾਰਤ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੇਰਾ ਯੁਵਾ ਭਾਰਤ ਐੱਸ.ਬੀ.ਐੱਸ. ਨਗਰ ਦੇ ਤਹਿਤ ਵਿਸ਼ਵ ਵਾਤਾਵਰਣ ਦਿਵਸ ਦੇ ਮੌਕੇ 'ਤੇ ਸ਼੍ਰੀ ਕ੍ਰਿਸ਼ਨਾ ਯੂਥ ਕਲੱਬ (ਰਜਿ.) ਨਵਾਂਸ਼ਹਿਰ ਵੱਲੋਂ ਵਾਤਾਵਰਣ ਸੰਭਾਲ ਨੂੰ ਉਤਸ਼ਾਹਿਤ ਕਰਨ ਅਤੇ ਲੋਕਾਂ ਨੂੰ ਕੁਦਰਤ ਪ੍ਰਤੀ ਜਾਗਰੂਕ ਕਰਨ ਦੇ ਉਦੇਸ਼ ਨਾਲ ਪੌਧਾਰੋਪਣ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਕਲੱਬ ਦੇ ਮੈਂਬਰਾਂ ਅਤੇ ਸਥਾਨਕ ਨਾਗਰਿਕਾਂ ਨੇ ਮਿਲ ਕੇ ਵੱਖ-ਵੱਖ ਕਿਸਮਾਂ ਦੇ ਬੂਟੇ ਲਗਾਏ ਅਤੇ ਉਨ੍ਹਾਂ ਦੀ ਸੰਭਾਲ ਦਾ ਸੰਕਲਪ ਲਿਆ। ਪ੍ਰੋਗਰਾਮ ਦੌਰਾਨ ਕਲੱਬ ਦੇ ਮੈਂਬਰ ਕੁਲਵਿੰਦਰ ਸਿੰਘ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਵੱਧ ਰਿਹਾ ਪ੍ਰਦੂਸ਼ਣ, ਜਲਵਾਯੂ




ਪਰਿਵਰਤਨ ਅਤੇ ਕੁਦਰਤੀ ਸਰੋਤਾਂ ਦੀ ਅਤਿਅਧਿਕ ਵਰਤੋਂ ਪੂਰੀ ਦੁਨੀਆ ਲਈ ਚਿੰਤਾ ਦਾ ਵਿਸ਼ਾ ਹੈ। ਅਜਿਹੇ ਹਾਲਾਤਾਂ ਵਿੱਚ ਹਰ ਨਾਗਰਿਕ ਦਾ ਫਰਜ਼ ਬਣਦਾ ਹੈ ਕਿ ਉਹ ਵਾਤਾਵਰਣ ਦੀ ਸੰਭਾਲ ਲਈ ਆਪਣਾ ਯੋਗਦਾਨ ਪਾਏ। ਉਨ੍ਹਾਂ ਕਿਹਾ ਕਿ ਰੁੱਖ ਸਾਨੂੰ ਨਾ ਸਿਰਫ਼ ਸ਼ੁੱਧ ਹਵਾ ਪ੍ਰਦਾਨ ਕਰਦੇ ਹਨ, ਸਗੋਂ ਜਲ ਸੰਭਾਲ, ਜੈਵਿਕ ਵਿਭਿੰਨਤਾ ਅਤੇ ਵਾਤਾਵਰਣਕ ਸੰਤੁਲਨ ਕਾਇਮ ਰੱਖਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਕਲੱਬ ਮੈਂਬਰਾਂ ਨੇ ਲੋਕਾਂ ਨੂੰ ਵੱਧ ਤੋਂ ਵੱਧ ਬੂਟੇ ਲਗਾਉਣ, ਪਲਾਸਟਿਕ ਦੀ ਵਰਤੋਂ ਘਟਾਉਣ ਅਤੇ ਸਫ਼ਾਈ ਨੂੰ ਆਪਣੇ ਜੀਵਨ ਦਾ ਅਹਿਮ ਹਿੱਸਾ ਬਣਾਉਣ ਦੀ ਅਪੀਲ ਕੀਤੀ। ਇਸ ਦੌਰਾਨ ਵਾਤਾਵਰਣ ਸੰਭਾਲ਼ ਨਾਲ ਸੰਬੰਧਿਤ ਜਾਗਰੂਕਤਾ ਸਮੱਗਰੀ ਵੀ ਵੰਡੀ ਗਈ ਅਤੇ ਲੋਕਾਂ ਨੂੰ ਕੁਦਰਤ ਪ੍ਰਤੀ ਜ਼ਿੰਮੇਵਾਰ ਰਵੱਈਆ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ।
ਇਸ ਮੌਕੇ ਕਲੱਬ ਦੇ ਮੈਂਬਰ ਰਵੀ, ਗੋਪੀ, ਮੋਹਨ ਲਾਲ, ਸਨੀ, ਸ਼ੈਮੀ ਕੁਮਾਰ, ਦਲਜੀਤ ਕੁਮਾਰ, ਸੀਮਾ ਰਾਣੀ, ਕਮਲੇਸ਼ ਕੌਰ, ਸੀਸੋ, ਸੰਤੋਸ਼, ਪ੍ਰੇਮ ਕੁਮਾਰ, ਪ੍ਰਗਣ ਰਾਮ, ਰਾਣੀ ਅਤੇ ਜਵਾਹਰ ਸਮੇਤ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਨਕੋਦਰ ਖੰਡ ਮਿਲ ਵਿੱਚ ਆਸ ਸੋਸ਼ਲ ਵੈੱਲਫੇਅਰ ਸੁਸਾਇਟੀ ਦੇ ਬੈਨਰ ਹੇਠ ਸਵੈ ਇੱਛੁਕ ਖੂਨ ਦਾਨ ਕੈਂਪ 9 ਜੂਨ ਨੂੰ ਲਗਾਇਆ ਜਾ ਰਿਹਾ ਜਨਰਲ ਮੈਨੇਜਰ ਤੂਰ

**ਨਕੋਦਰ,08 ਜੂਨ (ਹਰਜਿੰਦਰ ਸਿੰਘ ਚੰਦੀ)**-ਨਕੋਦਰ ਸਹਿਕਾਰੀ ਖੰਡ ਮਿਲ ਦੇ ਜਨਰਲ ਮੈਨੇਜਰ ਅਤੇ ਆਸ ਸੋਸ਼ਲ ਵੈੱਲਫੇਅਰ ਸੁਸਾਇਟੀ ਦੇ ਸਰਪ੍ਰਸਤ ਸ. ਸੁਖਵਿੰਦਰ ਸਿੰਘ ਤੂਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਕੋਦਰ ਖੰਡ ਮਿਲ ਵਿੱਚ ਆਸ ਸੋਸ਼ਲ ਵੈੱਲਫੇਅਰ ਸੁਸਾਇਟੀ ਦੇ ਬੈਨਰ ਹੇਠ ਜੂਨ 2026 ਦਿਨ ਮੰਗਲਵਾਰ ਨੂੰ ਸਵੇਰੇ 10 ਵਜੇ ਤੋਂ 5 ਵਜੇ ਤੱਕ ਲਗਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਕਿਸੇ ਦੀ ਜਿੰਦਗੀ ਨੂੰ ਬਚਾਉਣ ਲਈ ਹਰ ਸਿਹਤਮੰਦ ਵਿਅਕਤੀ ਨੂੰ ਹੀ ਅੱਗੇ ਆਉਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਕੋਈ ਵੀ ਵਿਅਕਤੀ ਜਿਸ ਦੀ ਉਮਰ 18 ਤੋਂ 65 ਸਾਲ,ਹੀਮੋਗਲੋਬਿਨ 12.5% ਖੂਨ, ਭਾਰ 45 ਕਿਲੋ ਤੋਂ ਵੱਧ ਹੋਵੇ ਉਹ ਡਾਕਟਰ ਦੀ ਸਲਾਹ ਨਾਲ ਖੂਨਦਾਨ ਕਰ ਸਕਦਾ ਹੈ। ਉਹਨਾਂ ਕਿਹਾ ਕਿ ਮਿਲ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਵਲੋਂ ਇਸ ਕੈਂਪ ਵਿੱਚ ਵੱਧ ਚੜ੍ਹ ਕੇ ਯੋਗਦਾਨ



ਪਾਇਆ ਜਾ ਰਿਹਾ ਹੈ ਉਹਨਾਂ ਇਲਾਕਾ ਨਿਵਾਸੀਆਂ ਅਤੇ ਸਮਾਜ ਸੇਵੀ ਜਥੇਬੰਦੀਆਂ ਨੂੰ ਵੀ ਅਪੀਲ ਕੀਤੀ ਕਿ ਖੂਨ ਬਣਾਉਣ ਦੀ ਵਿਗਿਆਨੀਆਂ ਵਲੋਂ ਅਜੇ ਤੱਕ ਕੋਈ ਮਸ਼ੀਨ ਨਹੀਂ ਬਣਾਈ ਜਾ ਸਕੀ ਇਸ ਲਈ ਆਓ ਸਾਰੇ ਵੱਧ ਚੜ੍ਹ ਕੇ ਇਸ ਸ਼ੁੱਭ ਸਮਾਜ ਸੇਵਾ ਦੇ ਕੰਮ ਵਿੱਚ ਯੋਗਦਾਨ ਪਾਈਏ। ਇਸ ਮੌਕੇ ਜਨਰਲ ਮੈਨੇਜਰ ਸੁਖਵਿੰਦਰ ਸਿੰਘ ਤੂਰ ਨਾਲ ਸ. ਹਰਮੀਤ ਸਿੰਘ ਚੀਫ਼ ਇੰਜੀਨੀਅਰ, ਸ. ਮਨਦੀਪ ਸਿੰਘ ਬਰਾੜ, ਸੀ.ਸੀ.ਡੀ.ਓ ,ਸ. ਨਾਗੀ ਚੀਫ਼ ਕੈਮਿਸਟ, ਸੁਪਰਡੈਂਟ ਸ਼੍ਰੀ ਦੇਸ ਰਾਜ, ਇੰਜੀਨੀਅਰ ਸ.ਸਰਬਜੀਤ ਸਿੰਘ, ਪਵਨਦੀਪ ਸਿੰਘ, ਕੈਮਿਸਟ ਉਮਾ ਸ਼ਰਣ, ਸਰਵੇਸ਼ ਕੁਮਾਰ ਆਦਿ ਹਾਜਰ ਸਨ।

# ਮੋਰਿੰਡੇ ਤੋਂ ਦੋ ਅਜ਼ਾਦ ਕੌਂਸਲਰ ਕਾਂਗਰਸ ਪਾਰਟੀ ਵਿੱਚ ਸ਼ਾਮਲ

**ਮੋਰਿੰਡਾ 8 ਜੂਨ (ਸੁਖਵਿੰਦਰ ਸਿੰਘ ਹੈਪੀ)**-ਕਾਂਗਰਸ ਪਾਰਟੀ ਨੂੰ ਉਸ ਸਮੇਂ ਭਾਰੀ ਬਲ ਮਿਲਿਆ ਜਦੋਂ ਮੋਰਿੰਡਾ ਦੇ ਵੱਖ ਵੱਖ ਵਾਰਡਾਂ ਤੋਂ ਅਜ਼ਾਦ ਤੌਰ ਤੇ ਜਿਤੇ ਦੋ ਕੌਂਸਲਰ ਅੱਜ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ। ਇਸ ਸਬੰਧੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਦਸਿਆ ਕਿ ਨਗਰ ਕੌਂਸਲ ਮੋਰਿੰਡਾ ਦੀਆਂ ਤਾਜ਼ਾ ਹੋਈਆਂ ਚੋਣਾਂ ਵਿੱਚ ਵਾਰਡ ਨੰਬਰ 5 ਅਤੇ 6 ਤੋਂ ਅਜ਼ਾਦ ਤੌਰ ਤੇ ਜਿਤੇ ਕੌਂਸਲਰ ਮਨਦੀਪ ਸਿੰਘ ਬਾਜਵਾ ਅਤੇ ਸੁਰਿੰਦਰ ਕੌਰ ਅੱਜ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਸ੍ਰ ਚਰਨਜੀਤ ਸਿੰਘ ਚੰਨੀ ਨੇ ਉਪਰੋਕਤ ਕੌਂਸਲਰਾਂ ਨੂੰ ਸਿਰੋਪਾਓ ਪਾ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਕੀਤਾ। ਅਤੇ ਵਿਸ਼ਵਾਸ ਦਿਵਾਇਆ ਕਿ ਉਹ ਉਹਨਾਂ ਨੂੰ ਬਣਦਾ ਮਾਣ ਸਤਿਕਾਰ ਜ਼ਰੂਰ ਦੇਣਗੇ। ਜ਼ਿਕਰਯੋਗ ਹੈ ਕਿ ਨਗਰ ਕੌਂਸਲ ਮੋਰਿੰਡਾ ਦੇ ਕੁਲ 15 ਵਾਰਡਾਂ ਦੀਆਂ ਤਾਜ਼ਾ ਹੋਈਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਦੇ ਨਿਸ਼ਾਨ ਹੱਥ ਪੰਜੇ ਤੇ 10 ਕੌਂਸਲਰ ਜੇਤੂ ਰਹੇ ਸਨ । ਜਦੋਂ ਕਿ 4 ਅਜਾਦ ਉਮੀਦਵਾਰ ਜੇਤੂ ਰਹੇ ਅਤੇ ਇਕ ਕੌਂਸਲਰ ਅਕਾਲੀ ਦਲ ਦੇ ਤੱਕੜੀ ਨਿਸ਼ਾਨ ਤੇ ਚੁਣਿਆ ਗਿਆ ਹੈ। ਹੁਣ 4 ਅਜਾਦ ਜਿਤੇ ਕੌਂਸਲਰਾਂ ਵਿੱਚੋਂ ਦੋ ਕੌਂਸਲਰ ਮਨਦੀਪ ਸਿੰਘ ਬਾਜਵਾ ਅਤੇ ਸੁਰਿੰਦਰ ਕੌਰ ਦੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਕਾਂਗਰਸ ਦੇ ਕੌਂਸਲਰਾਂ ਦੀ ਗਿਣਤੀ 12 ਹੋ ਗਈ ਹੈ। ਇਸ ਮੌਕੇ ਚਰਨਜੀਤ ਸਿੰਘ ਚੰਨੀ ਨੇ ਇਕ



ਸਵਾਲ ਦੇ ਜਵਾਬ ਨੇ ਆਖਿਆ ਕਿ ਪੰਜਾਬ ਦੇ ਲੋਕਾਂ ਨੂੰ 65000 ਨੌਕਰੀਆਂ ਦੇਣ ਦਾ ਢੰਡੋਰਾ ਪਿਟਣ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਹੱਕ ਸੱਚ ਦੀ ਲੜਾਈ ਲੜ ਰਹੇ ਬੇਰੁਜ਼ਗਾਰ ਨੌਜਵਾਨਾਂ ਨੂੰ ਬੇ ਰਹਿਮੀ ਨਾਲ ਲਾਠੀਆਂ ਨਾਲ ਕੁਟਿਆ ਗਿਆ ਜ਼ੋ ਲੋਕ ਤੰਤਰ ਦਾ ਘਾਣ ਹੈ ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਹਨਾਂ ਆਖਿਆ ਕਿ ਅੱਜ ਪੰਜਾਬ ਤੇ ਪੰਜਾਬੀ ਦਾ ਰਾਜ ਨਹੀਂ ਬਲਕਿ ਦਿੱਲੀ ਦੇ ਲੋਕਾਂ ਦਾ ਸਿਧਾ ਰਾਜ ਚਲ ਰਿਹਾ ਹੈ। ਦੂਜੇ ਰਾਜਾਂ ਦੇ ਵਿਅਕਤੀਆਂ ਨੂੰ ਵੱਡੇ ਵੱਡੇ ਸਰਕਾਰੀ ਅਹੁਦਿਆਂ ਤੇ ਬਿਠਾ ਕੇ ਪੰਜਾਬ ਨੂੰ ਲੁੱਟਿਆ ਜਾ ਰਿਹਾ ਹੈ। ਚਾਰ ਸਾਲ ਦੇ ਆਮ ਆਦਮੀ ਪਾਰਟੀ ਦੇ ਸ਼ਾਸਨ ਤੋਂ ਸਿੱਧ ਹੋ ਗਿਆ ਹੈ ਕਿ ਪੰਜਾਬ ਸਰਕਾਰ ਲੋਕ ਵਿਰੋਧੀ ਹੈ। ਦਲਿਤ ਵਿਰੋਧੀ ਹੈ। ਪੰਜਾਬ ਦੀ ਜਨਤਾ ਆਮ ਆਦਮੀ ਪਾਰਟੀ ਦਾ ਤਖ਼ਤਾ ਪਲਟਣ ਲਈ ਸਹੀ ਸਮੇਂ ਦਾ ਇੰਤਜ਼ਾਰ ਕਰ ਰਹੀ ਹੈ। ਉਹਨਾਂ ਆਖਿਆ ਕਿ 2027 ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣਨੀ ਤਹਿ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੰਨਗ੍ਰੇਨ ਪੰਜਾਬ ਦੇ ਸਾਬਕਾ ਚੇਅਰਮੈਨ ਬੰਤ ਸਿੰਘ ਕਲਾਰਾਂ, ਜ਼ਿਲ੍ਹਾ ਕਾਂਗਰਸ ਕਮੇਟੀ ਦੇ ਮੀਤ ਪ੍ਰਧਾਨ ਹਰਮਿੰਦਰ ਸਿੰਘ ਲੱਕੀ, ਜ਼ਿਲ੍ਹਾ ਪ੍ਰੀਸ਼ਦ ਰੂਪਨਗਰ ਦੇ ਮੈਂਬਰ ਗੁਰਵਿੰਦਰ ਸਿੰਘ ਕਕਰਾਲੀ, ਦਰਸ਼ਨ ਸਿੰਘ ਸੰਧੂ ਪ੍ਰਧਾਨ ਬਲਾਕ ਕਾਂਗਰਸ ਕਮੇਟੀ ਮੋਰਿੰਡਾ, ਕੌਂਸਲਰ ਹਰਜਿੰਦਰ ਸਿੰਘ ਛਿੱਬਰ, ਗੁਰਸੇਵਕ ਸਿੰਘ ਗੁਰੂ, ਮਹਿੰਦਰ ਸਿੰਘ ਢਿੱਲੋਂ, ਰਾਜੇਸ਼ ਕੁਮਾਰ ਸਿਸੋਦੀਆ, ਹਰਜੀਤ ਸਿੰਘ ਸੋਢੀ, ਬਲਵਿੰਦਰ ਸਿੰਘ ਬਾਜਵਾ ਸਾਬਕਾ ਪ੍ਰਧਾਨ ਨਗਰ ਕੌਂਸਲ ਮੋਰਿੰਡਾ , ਬਲਵੀਰ ਸਿੰਘ ਲਾਲਾ, ਨੰਬਰਦਾਰ ਰੁਪਿੰਦਰ ਸਿੰਘ ਭਿਚਰਾ, ਚੁਚੂ ਸੂਦ, ਰਾਹੂਲ ਸ਼ਰਮਾ, ਸਾਬਕਾ ਕੌਂਸਲਰ ਰਾਜਪ੍ਰੀਤ ਸਿੰਘ ਰਾਜੀ, ਸੰਗਤ ਸਿੰਘ ਭਾਮੀਆਂ, ਤਰਸੇਮ ਲਾਲ, ਬਬਲਾ ਸਰਪੰਚ ਗੋਸਲਾਂ, ਟਹਿਲ ਸਿੰਘ ਸਾਬਕਾ ਸਰਪੰਚ ਲੁਠੇੜੀ, ਸੋਨੂੰ ਦੱਤ, ਹਰਜੋਤ ਸਿੰਘ ਢੰਗਰਾਲੀ, ਧਰਮਪਾਲ ਥੰਮਣ ਪ੍ਰਧਾਨ ਸਿਟੀ ਕਾਂਗਰਸ ਕਮੇਟੀ, ਜਗਤਾਰ ਸਿੰਘ ਦਫ਼ਤਰ ਸਕੱਤਰ ਆਦਿ ਕਾਂਗਰਸੀ ਆਗੂ ਹਾਜ਼ਰ ਸਨ।

# ਵਧੀਕ ਡਿਪਟੀ ਕਮਿਸ਼ਨਰ ਵਲੋਂ ਹਰਿਆਣਾ ਵਿਖੇ ਮੁਢਲੀਆਂ ਸਹੂਲਤਾਂ ਦਾ ਨਿਰੀਖਣ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਗਰ ਕੌਂਸਲਾਂ ਵਿਚ ਸਫ਼ਾਈ ਪ੍ਰਬੰਧਾਂ ਦਾ ਨਿਰੀਖਣ ਕਰਨ ਦੀ ਲੜੀ ਨੂੰ ਸ਼ੁਰੂ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਨਿਧੀ ਕੁਮੁਦ ਬੰਬਾਹ ਨੇ ਨਗਰ ਕੌਂਸਲ ਹਰਿਆਣਾ ਦਾ ਅਚਨਚੇਤ ਦੌਰਾ ਕਰਕੇ ਸਫ਼ਾਈ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਸਬੰਧਤ ਅਧਿਕਾਰੀਆਂ ਨੂੰ ਹੋਰ ਵੀ ਸੁਚੱਜੇ ਢੰਗ ਨਾਲ ਸ਼ਹਿਰ ਦੀ ਸਫ਼ਾਈ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਵਧੀਕ ਡਿਪਟੀ ਕਮਿਸ਼ਨਰ ਨੇ ਹਰਿਆਣਾ ਨਗਰ ਕੌਂਸਲ ਦੇ ਕਾਰਜਸਾਧਕ ਅਫ਼ਸਰ, ਸਫ਼ਾਈ ਸੁਪਰਵਾਈਜ਼ਰਾਂ, ਸਫ਼ਾਈ ਸੇਵਕ



ਯੂਨਿਅਨ ਦੇ ਪ੍ਰਧਾਨ ਅਤੇ ਹੋਰ ਨੁਮਾਇੰਦਿਆਂ ਦੀ ਮੌਜੂਦਗੀ ਵਿਚ ਸ਼ਹਿਰ ਦਾ ਚੱਕਰ ਲਗਾਇਆ ਅਤੇ ਕੂੜਾ ਸੁੱਟਣ ਵਾਲੀਆਂ ਥਾਵਾਂ, ਪਾਣੀ ਸਪਲਾਈ ਦੇ ਪ੍ਰਬੰਧਾਂ ਅਤੇ ਸਟਰੀਟ ਲਾਈਟਾਂ ਦੀ ਮੌਜੂਦਾ ਹਾਲਤ ਦਾ ਜਾਇਜ਼ਾ ਲੈਂਦਿਆਂ ਪ੍ਰਬੰਧਾਂ 'ਤੇ ਤਸੱਲੀ ਪ੍ਰਗਟਾਈ। ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸੁਚੱਜੀ ਸਫ਼ਾਈ ਵਿਵਸਥਾ ਦੀ ਲਗਾਤਾਰਤਾ ਨੂੰ ਹਰ ਹਾਲ ਬਰਕਰਾਰ ਰੱਖਿਆ ਜਾਵੇ ਤਾਂ ਜੋ ਲੋਕਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਪੇਸ਼ ਨਾ ਆਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਲੋਕਾਂ ਨੂੰ ਮੁਢਲੀਆਂ ਸਹੂਲਤਾਂ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਭਵਿੱਖ ਵਿਚ ਵੀ ਸਮੇਂ-ਸਮੇਂ ਸਿਰ ਚੈਕਿੰਗ ਕੀਤੀ ਜਾਵੇਗੀ। ਇਸ ਮੌਕੇ ਸਫ਼ਾਈ ਸੁਪਰਵਾਈਜ਼ ਆਕਾਸ਼, ਸਫ਼ਾਈ ਸੇਵਕ ਯੂਨੀਅਨ ਦੇ ਪ੍ਰਧਾਨ ਰਮਨ ਕੁਮਾਰ ਆਦਿ ਵੀ ਮੌਜੂਦ ਸਨ।

# ਡਵੀਜਨ ਰਾਏਕੋਟ ਅਗੇ ਰੋਸ ਪ੍ਰਦਰਸ਼ਨ ਕੀਤਾ

**ਰਾਏਕੋਟ, ਜੂਨ--ਗੁਰਭਿੰਦਰ ਗੁਰੀ।** -ਕੁਝ ਦਿਨ ਪਹਿਲਾ ਹੈਡ ਆਫਿਸ ਪਟਿਆਲਾ ਵਿਖੇ ਅਪ੍ਰੈਂਟਸ਼ਿਪ ਸਿਖਿਆਰਥੀਆਂ ਤੇ ਪੰਜਾਬ ਪੁਲਿਸ ਵੱਲੋਂ ਅੰਨ੍ਹੇਵਾਹ ਲਾਠੀਚਾਰਜ ਖਿਲਾਫ ਰਾਏਕੋਟ ਡਵੀਜਨ ਅੱਗੇ ਫੈਡਰੇਸ਼ਨ ਏਟਕ ਐਡਹਾਕ ਕਮੇਟੀ ਪੰਜਾਬ ਅਤੇ ਜੁਆਇੰਟ ਫੋਰਮ ਅਤੇ ਬਿਜਲੀ ਏਕਤਾ ਮੰਚ ਤੇ ਪੈਨਸ਼ਨਰ ਯੂਨੀਅਨ ਏਟਕ ਵੱਲੋਂ ਸਾਂਝੇ ਰੂਪ ਵਿੱਚ ਇਨਾਂ ਨੌਕਰੀ ਮੰਗਦੇ ਨੌਜਵਾਨਾਂ ਤੇ ਪੁਲਿਸ ਤਸੱਦਦ ਦੇ ਵਿਰੋਧ ਵਿੱਚ ਅੱਜ ਰਾਏਕੋਟ ਵਿਖੇ ਅਰਥੀ ਫੂਕ ਪ੍ਰਦਰਸ਼ਨ ਕੀਤਾ ਗਿਆ ਅਤੇ ਮੰਗ ਕੀਤੀ ਗਈ ਕਿ ਪਾਵਰਕਾਮ ਮੈਨਜਮੈਂਟ ਵੱਲੋਂ ਕੀਤੇ ਵਾਅਦੇ ਮੁਤਾਬਿਕ ਇਨਾਂ ਯੁਵਕਾਂ ਨੂੰ ਨਿਯੁਕਤੀ ਪੱਤਰ ਦਿੱਤੇ ਜਾਣ ਅਤੇ ਪਾਏ ਗਏ ਝੂਠੇ ਪਰਚੇ ਰੱਦ ਕੀਤੇ ਜਾਣ ਅਤੇ ਮੈਨੇਜਮੈਂਟ ਇਨਾਂ ਦਾ ਮਸਲਾ ਜਲਦੀ ਨਾਲ ਹੱਲ ਕਰੇ ਅਫਸੋਸ ਜਾਹਰ ਕਰਦੇ ਹੋਏ ਕਿਹਾ ਕਿ ਅਦਾਰੇ ਵਿੱਚ 45 ਹਜਾਰ ਅਸਾਮੀਆਂ ਖਾਲੀ ਹੋਣ ਦੇ ਬਾਵਜੂਦ ਵੀ ਯੋਗ ਨੌਜਵਾਨਾਂ ਨੂੰ ਰੁਜਗਾਰ ਲੈਣ ਲਈ ਡਾਗਾ ਖਾਣੀਆਂ ਪੈ ਰਹੀਆ ਹਨ ਜੋ ਹਾਕਮ ਜਮਾਤਾ ਦੀ ਕਹਿਣੀ ਤੇ ਕਰਨੀ ਦੇ ਅੰਤਰ ਨੂੰ ਦਰਸਾਉਂਦੀਆ



ਹਨ।ਉਨ੍ਹਾ ਪਾਵਰਕਾਮ ਦੀ ਮੈਨੇਜਮੈਂਟ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਇਹਨਾਂ ਅਪ੍ਰੈਂਟਸ਼ਿਪ ਸਾਧੀਆਂ ਦਾ ਮਸਲਾ ਹੱਲ ਨਾ ਕੀਤਾ ਗਿਆ ਤਾ ਮੁਲਾਜ਼ਮ ਜੱਥੇਬੰਦੀਆਂ ਸੰਘਰਸ ਕਰਨ ਲਈ ਮਜਬੂਰ ਹੋਣਗੀਆਂ।ਅੰਤ ਵਿਚ ਰੋਸ ਪ੍ਰਦਰਸਨ ਵਿਚ ਪਹੁੰਚੇ ਆਗੂਆ ਦਾ ਸੀਨੀਅਰ ਆਗੂ ਜਗਮੋਹਣ ਸਿੰਘ ਛੱਜਾਵਾਲ ਨੇ ਧੰਨਵਾਦ ਕੀਤਾ।ਇਸ ਮੌਕੇ ਉਨ੍ਹਾ ਨਾਲ ਜੋਨ ਆਗੂ ਜਗਮੋ-ਹਣ ਸਿੰਘ ਛੱਜਾਵਾਲ,ਪ੍ਰਧਾਨ ਤਰਲੋਚਨ ਸਿੰਘ ਹਠੂਰ,ਯੁੱਧਵੀਰ ਸਿੰਘ ਪਾਤੜਾ,ਬਲਪ੍ਰੀਤ ਸਿੰਘ ਰਾਏਕੋਟ,ਜੇ ਈ ਮਨਜਿੰਦਰ ਸਿੰਘ ਸੋਨਾ, ਜੇ ਈ ਮਹਿੰਦਰ ਸਿੰਘ ਪ੍ਰਮਿੰਦਰ ਸਿੰਘ ਰਾਏਕੋਟ,ਹਰਪ੍ਰੀਤ ਸਿੰਘ ਲੰਮਾ, ਸੁਖਦੇਵ ਸਿੰਘ ਜੇ ਈ, ਹਰਮਨਜੀਤ ਸਿੰਘ ਸਿੱਧੂ, ਡਵੀਜਨ ਪ੍ਰਧਾਨ ਸਾਧੂ ਸਿੰਘ ਬੱਧਨੀ, ਬਲਕਾਰ ਸਿੰਘ ਰਾਏਕੋਟ, ਬਲਦੇਵ ਸਿੰਘ ਸੁਖਾਣਾ, ਜੋਗਿੰਦਰ ਸਿੰਘ ਲੰਮਾ,ਬੂਟਾ ਸਿੰਘ ਸਕੱਤਰ, ਬਲਦੇਵ ਸਿੰਘ ਨੱਥੋਵਾਲ, ਬਲਵਿੰਦਰ ਸਿੰਘ ਤਾਜਪੁਰ, ਦਵਿੰਦਰ ਸਿੰਘ ਜਲਾਲਦੀਵਾਲ, ਲਾਇਨਮੈਨ ਅਨੋਖ ਸਿੰਘ ਕਾਉਕੇ ਕਲਾਂ,ਜੇ ਈ ਜਗਰੂਪ ਸਿੰਘ,ਸਵਰਨਜੀਤ ਸਿੰਘ ਸੁਖਜੀਤ ਸਿੰਘ,ਸੁਰਿੰਦਰ ਸਿੰਘ ਲੰਮੇ, ਰਮੇਸ ਕੁਮਾਰ ਬੱਸੀਆ, ਗੁਰਜੀਤ ਸਿੰਘ ਲੰਮੇ, ਹਰਵਿੰਦਰ ਸਿੰਘ ਅਕਾਲਗੜ, ਹਰਪਾਲ ਸਿੰਘ ਮਹੋਲੀ, ਕਰਮਿੰਦਰ ਸਿੰਘ ਤਲਵੰਡੀ, ਰਜਿੰਦਰ ਸਿੰਘ, ਪਰਮਿੰਦਰ ਕੁਮਾਰ ਬੱਸੀਆਂ,ਜਗਦੀਪ ਸਿੰਘ ਲੱਖਾ, ਗਗਨਦੀਪ ਸਿੰਘ ਰਾਏਕੋਟ, ਜਸਵਿੰਦਰ ਸਿੰਘ ਰਾਏਕੋਟ, ਮੈਡਮ ਸੁਰਿੰਦਰ ਕੌਰ, ਮੈਡਮ ਪੁਨੀਤ ਕੌਰ, ਮੈਡਮ ਕਾਜਲ ਆਦਿ ਹਾਜਰ ਸਨ।

# ਨਦੀ ਵਿੱਚ ਨਹਾਉਣ ਗਈ 13 ਸਾਲਾਂ ਲੜਕੀ ਦੀ ਡੁੱਬਣ ਕਾਰਨ ਮੌਤ

**ਲੈਸਟਰ (ਇੰਗਲੈਂਡ), 8 ਜੂਨ (ਸੁਖਜਿੰਦਰ ਸਿੰਘ ਢੱਡੇ)-** ਉੱਤਰੀ ਯਾਰਕਸ਼ਾਇਰ ਵਿੱਚ ਨਦੀ ਵਿੱਚ ਨਹਾਉਣ ਦੌਰਾਨ ਲਾਪਤਾ ਹੋਈ 13 ਸਾਲਾ ਲੜਕੀ ਦੀ ਮੌਤ ਮਗਰੋਂ ਉਸ ਦੇ ਪਰਿਵਾਰ ਅਤੇ ਸਥਾਨਕ ਭਾਈਚਾਰੇ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ।



ਮ੍ਰਿਤਕਾ ਦੀ ਪਛਾਣ ਪਲਵਾਸ਼ਾ ਅਕਬਰ ਵਜੋਂ ਹੋਈ ਹੈ, ਜਿਸ ਨੂੰ ਪਿਛਲੇ ਐਤਵਾਰ ਨੌਰਥ ਯਾਰਕਸ਼ਾਇਰ ਦੇ ਬਰਨਸਾਲ ਨੇੜੇ ਰਿਵਰ ਵਾਰਫ਼ ਤੋਂ ਬਾਹਰ ਕੱਢਿਆ ਗਿਆ ਸੀ।

ਐਮਰਜੈਂਸੀ ਸੇਵਾਵਾਂ ਵੱਲੋਂ ਲੜਕੀ ਦੀ ਜਾਨ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਗਈ, ਪਰ ਉਸ ਨੂੰ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਇਸ ਦੁਖਦਾਈ ਘਟਨਾ ਨੇ ਪਰਿਵਾਰ, ਦੋਸਤਾਂ, ਸਕੂਲ ਅਤੇ ਸਮੁੱਚੇ ਭਾਈਚਾਰੇ ਨੂੰ ਗਹਿਰੇ ਸਦਮੇ ਵਿੱਚ ਪਾ ਦਿੱਤਾ ਹੈ।

ਪਲਵਾਸ਼ਾ ਦੀ ਯਾਦ ਵਿੱਚ ਪਰਿਵਾਰ ਵੱਲੋਂ ਇੱਕ ਫੰਡ ਰੇਜ਼ਿੰਗ ਮੁਹਿੰਮ ਸ਼ੁਰੂ ਕੀਤੀ ਗਈ ਹੈ। ਪਰਿਵਾਰ ਦੇ ਇੱਕ ਨੁਮਾਇੰਦੇ ਨੇ ਉਸ ਨੂੰ ਇੱਕ ਹੋਣਹਾਰ, ਦਿਆਲੂ ਅਤੇ ਹਮਦਰਦ ਲੜਕੀ ਕਰਾਰ ਦਿੰਦਿਆਂ ਕਿਹਾ ਕਿ ਉਹ ਪੜ੍ਹਾਈ ਦੀ ਸ਼ੌਕੀਨ ਸੀ ਅਤੇ ਆਪਣੇ ਦੋਸਤਾਂ ਅਤੇ ਆਸ-ਪਾਸ ਦੇ ਲੋਕਾਂ ਦੀ ਜ਼ਿੰਦਗੀ ਵਿੱਚ ਖੁਸ਼ੀਆਂ ਭਰਨ ਲਈ ਹਮੇਸ਼ਾ ਤਿਆਰ ਰਹਿੰਦੀ ਸੀ।

ਉਸ ਦੀ ਮਿੱਠੀ ਮੁਸਕਾਨ, ਨਿਮਰ ਸੁਭਾਅ ਅਤੇ ਮਦਦਗਾਰ ਰਵੱਈਏ ਕਾਰਨ ਹਰ ਕੋਈ ਉਸ ਨੂੰ ਪਿਆਰ ਕਰਦਾ ਸੀ।

ਉਨ੍ਹਾਂ ਕਿਹਾ ਕਿ ਪਲਵਾਸ਼ਾ ਦਾ ਭਵਿੱਖ ਬਹੁਤ ਉਜਵਲ ਸੀ ਅਤੇ ਉਸ ਨੇ ਆਪਣੇ ਛੋਟੇ ਜਿਹੇ ਜੀਵਨ ਦੌਰਾਨ ਕਈ ਲੋਕਾਂ ਦੇ ਦਿਲਾਂ 'ਤੇ ਡੂੰਘੀ ਛਾਪ ਛੱਡੀ। ਇਕੱਠੀ ਕੀਤੀ ਜਾਣ ਵਾਲੀ ਰਕਮ ਉਨ੍ਹਾਂ ਸਮਾਜਿਕ ਕਾਰਜਾਂ ਲਈ ਵਰਤੀ ਜਾਵੇਗੀ, ਜਿਨ੍ਹਾਂ ਪ੍ਰਤੀ ਪਲਵਾਸ਼ਾ ਦੀ ਵਿਸ਼ੇਸ਼ ਦਿਲਚਸਪੀ ਸੀ।

ਪਲਵਾਸ਼ਾ ਬਰਾਂਟੇ ਗਰਲਜ਼ ਸੈਕੰਡਰੀ ਅਕੈਡਮੀ ਵਿੱਚ ਨੌਵੀਂ ਜਮਾਤ ਦੀ ਵਿਦਿਆਰਥਣ ਸੀ। ਸਕੂਲ ਦੀ ਕਾਰਜਕਾਰੀ ਪ੍ਰਿੰਸੀਪਲ ਲਿੰਡਸੇ ਹਾਲ ਨੇ ਕਿਹਾ ਕਿ ਸਕੂਲ ਆਪਣੇ ਇੱਕ ਪਿਆਰੇ ਵਿਦਿਆਰਥੀ ਦੀ ਮੌਤ ਨਾਲ ਬਹੁਤ ਦੁਖੀ ਹੈ। ਉਨ੍ਹਾਂ ਕਿਹਾ ਕਿ ਪਲਵਾਸ਼ਾ ਸਕੂਲ ਦੀਆਂ ਸਭ ਤੋਂ ਵਧੀਆ ਵਿਦਿਆਰਥਣਾਂ ਵਿੱਚੋਂ ਇੱਕ ਸੀ ਅਤੇ ਉਹ ਹਮੇਸ਼ਾ ਦੂਜਿਆਂ ਦੀ ਮਦਦ ਲਈ ਅੱਗੇ ਰਹਿੰਦੀ ਸੀ। ਉਸ ਦੀ ਦਿਆਲਤਾ ਅਤੇ ਸੇਵਾ ਭਾਵਨਾ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

ਪਲਵਾਸ਼ਾ ਦੀ ਮੌਤ ਸਬੰਧੀ ਜਾਂਚ ਲਈ 18 ਜੂਨ ਨੂੰ ਨਾਰਥਐਲਰਟਨ ਕੋਰੋਨਰ ਅਦਾਲਤ ਵਿੱਚ ਸੁਣਵਾਈ ਸ਼ੁਰੂ ਹੋਣ ਦੀ ਉਮੀਦ ਹੈ।ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਦੌਰਾਨ ਦੇਸ਼ ਭਰ ਵਿੱਚ ਗਰਮੀ ਦੀ ਲਹਿਰ ਦੌਰਾਨ ਪਾਣੀ ਨਾਲ ਜੁੜੀਆਂ ਘਟਨਾਵਾਂ ਵਿੱਚ ਕਈ ਲੋਕਾਂ ਦੀਆਂ ਜਾਨਾਂ ਗਈਆਂ ਹਨ। ਜ਼ਿਆਦਾਤਰ ਮਾਮਲਿਆਂ ਵਿੱਚ ਨੌਜਵਾਨ ਅਤੇ ਕਿਸ਼ੋਰ ਉਮਰ ਦੇ ਬੱਚੇ ਪਾਣੀ ਵਿੱਚ ਮੁਸ਼ਕਲ ਵਿੱਚ ਫਸਣ ਤੋਂ ਬਾਅਦ ਲਾਪਤਾ ਹੋਏ ਅਤੇ ਬਾਅਦ ਵਿੱਚ ਉਨ੍ਹਾਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ। ਸੁਰੱਖਿਆ ਮਾਹਿਰਾਂ ਨੇ ਲੋਕਾਂ ਨੂੰ ਗਰਮੀ ਦੇ ਮੌਸਮ ਦੌਰਾਨ ਨਦੀਆਂ, ਝੀਲਾਂ ਅਤੇ ਸਮੁੰਦਰੀ ਕਿਨਾਰਿਆਂ 'ਤੇ ਵਧੇਰੇ ਸਾਵਧਾਨੀ ਵਰਤਣ ਦੀ ਅਪੀਲ ਕੀਤੀ ਹੈ।

# ਸਤਿਗੁਰੂ ਰਵਿਦਾਸ ਮਹਾਰਾਜ ਜੀ ਬਾਰੇ ਚੰਡੀਗੜ੍ਹ ਵਿਚ ਹੋਣ ਵਾਲੇ ਸੈਮੀਨਾਰ ਬਾਰੇ ਮੀਟਿੰਗ

## ਚੌਥਾ ਸੈਮੀਨਾਰ ਸ੍ਰੀ ਫ਼ਤਿਹਗੜ੍ਹ ਸਾਹਿਬ ਤੇ ਪੰਜਵਾਂ ਹੋਵੇਗਾ ਚੰਡੀਗੜ੍ਹ ਵਿਚ

**ਹੁਸ਼ਿਆਰਪੁਰ 8 ਜੂਨ ( ਤਰਸੇਮ ਦੀਵਾਨਾ ) –** ਬਾਣੀ ਵਿਚਾਰ ਚੇਤਨਾ ਮੰਚ ਪੰਜਾਬ ਵੱਲੋਂ ਕੌਮੀ ਤੇ ਕੌਮਾਂਤਰੀ ਪੱਧਰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਕਰਾਏ ਜਾ ਰਹੇ ਸੈਮੀਨਾਰਾਂ ਦੀ ਲੜੀ ਤਹਿਤ ਪੰਜਵਾਂ ਸੈਮੀਨਾਰ ਚੰਡੀਗੜ੍ਹ ਦੇ ਸੈਕਟਰ 30 ਦੇ ਸ੍ਰੀ ਗੁਰੂ ਰਵਿਦ-ਾਸ ਮਹਾਰਾਜ ਜੀ ਦੇ ਗੁਰੂਦੁਆਰਾ ਸਾਹਿਬ ਵਿਖ਼ੇ ਹੋਵੇਗਾ।ਇਸ ਸਬੰਧੀ ਅੱਜ ਗੁਰਦੁਆਰਾ ਸਾਹਿਬ ਚੰਡੀਗੜ੍ਹ ਵਿਖੇ ਬਾਣੀ ਵਿਚਾਰ ਚੇਤਨਾ ਮੰਚ ਪੰਜਾਬ ਰਜਿ. ਦੇ ਪ੍ਰਧਾਨ ਤੇ ਸੈਮੀਨਾਰ ਮੁੱਖ ਕੋਆਰਡੀਨੇਟਰ ਗੁਰਨਾਮ ਸਿੰਘ ਅਕੀਦਾ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਬਾਣੀ ਵਿਚਾਰ ਚੇਤਨਾ ਮੰਚ ਪੰਜਾਬ ਦੇ ਮੀਤ ਪ੍ਰਧਾਨ ਓ ਪੀ



ਚੋਪੜਾ, ਬਾਣੀ ਵਿਚਾਰ ਚੇਤਨਾ ਮੰਚ ਪੰਜਾਬ ਦੇ ਸੀ. ਮੀਤ ਪ੍ਰਧਾਨ ਫਤਿਹਜੰਗ ਸਿੰਘ, ਗੁਰਦੁਆਰਾ ਸਾਹਿਬ ਦੇ ਆਗੂ ਆਤਮਾ ਰਾਮ ਅਤੇ ਮੈਂਬਰ ਵਿਵੇਕ ਵੀਰ ਸਿੰਘ ਨਾਲ ਮੀ ਟਿੰਗ ਕੀਤੀ ਗਈ। ਇਸ ਸਮੇਂ ਆਗੂਆਂ ਨੇ ਫ਼ੈਸਲਾ ਕੀਤਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਬਾਰੇ ਹੋ ਰਹੇ ਅਕਾਦਮਿਕ ਤੇ ਅਧਿਆਤਮਿਕ ਸੈਮੀਨਾਰਾਂ ਦੀ ਲੜੀ ਤਹਿਤ ਪੰਜਵਾਂ ਸੈਮੀਨਾਰ ਚੰਡੀਗੜ੍ਹ ਦੇ 30 ਸੈਕਟਰ ਦੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਦੁਆਰਾ ਸਾਹਿਬ ਵਿਚ 28 ਜੂਨ ਨੂੰ ਕਰਾਇਆ ਜਾਵੇਗਾ । ਚੌਥਾ ਸੈਮੀਨਾਰ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਦੇ ਪਿੰਡ ਪੰਜੋਲੀ ਵਿਖੇ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਯਾਦਗਾਰੀ ਭਵਨ ਵਿਖੇ 21 ਜੂਨ ਨੂੰ ਸਵੇਰੇ 10 ਵਜੇ ਤੋਂ 2 ਵਜੇ ਤੱਕ ਹੋ ਰਿਹਾ ਹੈ। ਫ਼ਤਿਹਗੜ੍ਹ ਸਾਹਿਬ ਵਿਖੇ ਮੁੱਖ ਪੇਪਰ ਪ੍ਰਬੁਧ ਵਿਦਵਾਨ ਨਵਤੇਜ ਗੜ੍ਹਦੀਵਾਲ ਪੇਸ਼ ਕਰਨਗੇ। ਜਦ ਕਿ ਮੁੱਖ ਮਹਿਮਾਨ ਦੇ ਤੌਰ ਤੇ ਮਹਾਰਾਜਾ ਭੁਪਿੰਦਰਾ ਸਪੋਰਟਸ ਯੂਨੀਵਰਸਿਟੀ ਪੰਜਾਬ ਦੇ ਵਾਈਸ ਚਾਂਸਲਰ ਡਾ. ਪੁਸ਼ਪਿੰਦਰ ਸਿੰਘ ਗਿੱਲ ਪੁੱਜਣਗੇ ਜੋ ਕੁੰਜੀਵਤ ਭਾਸ਼ਣ ਵੀ ਦੇਣਗੇ। ਇਸ ਵੇਲੇ ਸ਼੍ਰੋਮਣੀ ਕਮੇਟੀ ਮੈਂਬਰ ਕਰਨੈਲ ਸਿੰਘ ਪੰਜੋਲੀ ਧੰਨਵਾਦੀ ਭਾਸ਼ਣ ਦੇਣਗੇ, ਇਸ ਸੈਮੀਨਾਰ ਦੀ ਪ੍ਰਧਾਨਗੀ ਮੁੱਖ ਸਰਪ੍ਰਸਤ ਬਲਵਿੰਦਰ ਸਿੰਘ ਜਾਤੀਵਾਲ ਕਰਨਗੇ। ਗੁਰਨਾਮ ਸਿੰਘ ਅਕੀਦਾ ਨੇ ਦੱਸਿਆ ਕਿ ਚੰਡੀਗੜ੍ਹ ਵਿਚ ਹੋਣ ਵਾਲੇ ਸੈਮੀਨਾਰ ਵਿਚ ਡਾ. ਮਨਮੋਹਨ ਮੁੱਖ ਪੇਪਰ ਪੜ੍ਹਨਗੇ ਤੇ ਦੂਜਾ ਪੇਪਰ ਕਰਨਲ ਰਿਟਾ. ਪ੍ਰਿਥਵੀ ਰਾਜ ਕੁਮਾਰ ਪੜ੍ਹਨਗੇ, ਵਿਸ਼ੇਸ਼ ਮਹਿਮਾਨ ਡਾ. ਸਰਬਜੀਤ ਸਿੰਘ ਪ੍ਰਧਾਨ ਪੰਜਾਬੀ ਸਾਹਿਤ ਅਕਾਦਮੀ ਹੋਣਗੇ।

**ਫੋਟੋ ਅਜਮੇਰ ਦੀਵਾਨਾ**

# ਹਠੂਰ ਪੁਲਿਸ ਨੇ 23 ਪੇਟੀਆਂ ਸਰਾਬ ਦੀਆਂ ਸਮੇਤ ਕੀਤਾ ਕਾਬੂ

**ਰਾਏਕੋਟ/ਹਠੂਰ, ਜੂਨ--ਗੁਰਭਿੰਦਰ ਗੁਰੀ**

ਪੰਜਾਬ ਪੁਲਿਸ ਥਾਣਾ ਹਠੂਰ ਵੱਲੋ ਇੱਕ ਨੌਜਵਾਨ ਨੂੰ 23 ਸਰਾਬ ਦੀਆ ਪੇਟੀਆ ਸਮੇਂਤ ਕਾਬੂ ਕੀਤਾ ਗਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆ ਪੁਲਿਸ ਥਾਣਾ ਹਠੂਰ ਦੇ ਐਸ ਐਚ ਓ ਗੁਰਸੇਵਕ ਸਿੰਘ ਨੇ ਦੱਸਿਆ ਕਿ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਪਿੰਡ ਚਕਰ ਵਿਖੇ ਇੱਕ ਨੌਜਵਾਨ ਜਗਾੜੂ ਮੋਟਰ ਸਾਇਕਲ ਰੇਹੜੇ ਤੇ ਸਰਾਬ ਵੇਚਣ ਦਾ ਕੰਮ ਕਰਦਾ ਹੈ।ਜਿਸ ਦੇ ਅਧਾਰ ਤੇ ਪੁਲਿਸ ਨੇ ਮੌਕੇ ਤੇ ਹੀ ਹਰਜਿੰਦਰ ਸਿੰਘ ਉਰਫ ਰਾਜੂ ਪੁੱਤਰ ਚਰਨ ਸਿੰਘ ਪਿੰਡ ਚਕਰ ਨੂੰ 23 ਪੇਟੀਆ ਸਰਾਬ ਮਾਰਕਾ ਪੰਜਾਬ ਰਾਣੋ ਸੌਫੀਆ ਬਰਾਮਦ ਕਰਕੇ ਥਾਣਾ ਹਠੂਰ ਵਿਖੇ ਧਾਰਾ 61,78 (2),-1-14 ਆਬਕਾਰੀ ਐਕਟ ਤਹਿਤ ਮੁਕੱਦਮਾ ਨੰਬਰ 94 ਦਰਜ ਕੀਤਾ ਗਿਆ ਹੈ ਅਤੇ ਬਾਕੀ ਪੁੱਛਗਿੱਛ ਕੀਤੀ ਜਾ ਰਹੀ ਹੈ।ਇਸ ਮੌਕੇ ਉਨ੍ਹਾ ਨਾਲ ਏ ਐਸ ਆਈ ਸੁਲੱਖਣ ਸਿੰਘ, ਏ ਐਸ ਆਈ ਕੁਲਵੰਤ ਸਿੰਘ,ਹੌਲਦਾਰ ਸਤਿੰਦਰ ਸਿੰਘ,ਮੁੱਖ ਮੁਨਸੀ ਕੁਲਵੰਤ ਸਿੰਘ ਆਦਿ ਕਰਮਚਾਰੀ ਹਾਜ਼ਰ ਸਨ।



# ਦੋਏ ਭੈਣਾਂ ਇੱਕੋ 'ਜੀਆਂ



ਤੈਨੂੰ ਦਿੱਲੀਏ ਨੀ ਮਹਿੰਗਾਈ ਦੀ ,
ਕਿਉਂ ਬਿਜਲੀ ਗਰਜਦੀ ਦਿਸਦੀ 'ਨੀਂ ।
ਸ਼ੁੱਧ ਖਾਣ ਪੀਣ ਦੀਆਂ ਚੀਜ਼ਾਂ ਨੂੰ ,
ਕਾਹਤੋਂ ਜਨਤਾ ਤਰਸਦੀ ਦਿਸਦੀ 'ਨੀਂ ।
ਜੋ ਕਹਿੰਦੇ ਸਨ ਕਿ ਸਾਡੇ ਰਾਜ 'ਚ,
ਕਦੇ ਵੀ ਧਰਨੇ ਨਈਓਂ ਲਾਉਂਣੇ ਪੈਣਗੇ ;
ਅੱਜ ਉਨ੍ਹਾਂ ਨੂੰ ਵੀ ਧੀਆਂ ਪੁੱਤਾਂ 'ਤੇ ,
ਕਾਹਤੋਂ ਡਾਂਗ ਵਰਸਦੀ ਦਿਸਦੀ 'ਨੀਂ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ -9914836037**

## ਤਸਵੀਰ

ਇਕ ਦਿਨ ਮੇਰੇ ਚੇਤੇ ਆਈ
ਮੈਂ ਵੀ ਇਕ ਤਸਵੀਰ ਬਣਾਈ
ਛੱਪਰਾਂ ਵਾਲਾ ਘਰ ਬਣਾਇਆ,
ਨਾਨਕ ਦੀ ਤਸਵੀਰ ਸਜਾਈ
ਵੇਹੜੇ ਬੈਠਾ ਪੂਰਾ ਕੁਨਬਾ,
ਕੱਠੇ ਸਭਨੇ ਰੋਟੀ ਖਾਈ
ਸੋਨੇ ਜਿਹਾ ਤੰਦੂਰ ਬਣਾਇਆ
ਰੋਟੀ ਪਕਾਉਂਦੀ ਉਸ 'ਤੇ ਤਾਈ
ਗਾਵਾਂ-ਮੱਝਾਂ ਦੀਆਂ ਤਸਵੀਰਾਂ
ਦੋ ਬਲਦਾਂ ਦੀ ਜੋੜੀ ਬਣਾਈ
ਇਕ ਦੂਜੇ ਦੇ ਭਰਾਵਾਂ ਵਰਗੇ ਬੰਦੇ ਸੀ,
ਪੱਗ ਦੀ ਕੰਨੀ ਹੱਥ ਫੜਾਈ
ਜੰਞ ਆਈ ਸੀ ਉਸੇ ਘਰ ਵਿੱਚ
ਭੈਣ ਹੋਈ ਸੀ ਮੇਰੀ ਪਰਾਈ
ਸਭ ਦੀਆਂ ਅੱਖਾਂ ਹੰਝੂ ਡੁੱਲ੍ਹਦੇ
ਕੁਝ ਪਲ ਰੋਈ ਸੀ ਸ਼ਹਿਨਾਈ
ਇਕ ਨਿੰਮ ਦਾ ਰੁੱਖ ਬਣਾਇਆ
ਛਾਂ ਹੇਠਾਂ ਬੈਠੇ ਮੱਝਾਂ ਵਾਈ
ਪੋਲੇ ਹੱਥ ਵਿਚ ਮੱਖਣ ਪਿਘਲੇ
ਚਾਟੀ 'ਚ ਮਧਾਣੀ ਚਲਾਈ
ਬੇਬੇ ਵਾਜ਼ਾਂ ਮਾਰਦੀ ਸਭ ਨੂੰ
ਸੁਣ ਲੋ ਗੱਲ ਇਕ ਚੇਤੇ ਆਈ
ਹੱਥੀ ਨਲਕਾ ਵੀਰਾ ਗੇੜੇ
ਭਾਂਡੇ ਧੋਂਦੀ ਸੀ ਭਰਜਾਈ
ਗੋਹਾ ਪਾਇਆ ਹੋਇਆ ਇਕ ਪਾਸੇ
ਪਾਥੀਆਂ ਦੀ ਹੁਣ ਵਾਰੀ ਆਈ
ਵਾਰ-ਵਾਰ ਤਸਵੀਰ ਵੇਖਦਾ
ਜਿਸ ਦੀ ਯਾਦ ਨਾ ਜਾਏ ਭੁਲਾਈ



**ਕਮਲ ਭਾਸਕਰ**
**ਜਲੰਧਰ**
9463252911

# ਸੱਚਾਈ ਦਾ ਉਲਟਾ ਦਰਪਣ

ਅੱਜ ਦੇ ਜੱਗ ਦਾ ਉਲਟਾ ਦਰਪਣ, ਕੂੜ ਦੀਆਂ ਸਰਕਾਰਾਂ ਨੇ,
ਸੱਚਿਆਂ ਦੇ ਸਿਰ ਪੱਥਰ ਵੱਜਦੇ, ਝੂਠ ਦੀਆਂ ਭਰਮਾਰਾਂ ਨੇ।
ਨੇਕ ਬੰਦਾ ਅੱਜ ਬੇਵਕੂਫ਼ ਬਣਿਆ, ਚਲਾਕੀਆਂ ਦੀ ਸਰਦਾਰੀ ਏ,
ਬਦਲ ਗਏ ਦਸਤੂਰ ਜ਼ਮਾਨੇ, ਈਮਾਨਦਾਰੀ ਭਾਰੀ ਏ।
ਝੂਠ ਬੋਲੇ ਜੋ ਮਾਰ ਫਰਾਟੇ, ਉਹ ਹੋਸ਼ਿਆਰ ਕਹਾਉਂਦਾ ਏ,
ਸੱਚ ਦੀ ਬੇੜੀ ਡੋਲਦੀ ਫਿਰਦੀ, ਠੱਗ ਹੀ ਰਾਜ ਕਮਾਉਂਦਾ ਏ।
ਧੋਖਾਧੜੀ ਦਾ ਗਰਮ ਬਾਜ਼ਾਰ, ਸ਼ਰਮ ਦਾ ਪੱਲਾ ਛੁੱਟ ਗਿਆ,
ਨਿਮਰਤਾ ਦਾ ਗਹਿਣਾ ਅੱਜ, ਚੌਰਾਹੇ ਦੇ ਵਿੱਚ ਟੁੱਟ ਗਿਆ।
ਸਿੱਧੇ-ਸਾਦੇ ਬੰਦੇ ਤਾਈਂ, ਲੁੱਟਣ ਲਈ ਸਭ ਤਿਆਰਾਂ ਨੇ,
ਅੱਜ ਦੇ ਜੱਗ ਦਾ ਉਲਟਾ ਦਰਪਣ, ਕੂੜ ਦੀਆਂ ਸਰਕਾਰਾਂ ਨੇ।
ਨੇਕੀ ਵਾਲਾ ਰਸਤਾ ਔਖਾ, ਕੰਡਿਆਂ ਵਾਲੀ ਵਾੜ ਜਿਵੇਂ,
ਬੁਰਾਈ ਦੇ ਵਿੱਚ ਲੱਭਣ ਮੌਕੇ, ਭੁੱਖੇ ਸ਼ੇਰ ਦਹਾੜ ਜਿਵੇਂ।
ਮੋਹ-ਮੁਹੱਬਤ ਗਾਇਬ ਹੋਈ, ਮਤਲਬ ਦੀ ਰਹਿ ਗਈ ਯਾਰੀ ਏ,
ਦਿਲਾਂ ਦੇ ਵਿੱਚੋਂ ਨਿਕਲ ਗਈ, ਬੰਦੇ ਦੀ ਇਨਸਾਨੀਅਤ ਸਾਰੀ ਏ।
ਕੱਲੀ ਰਹਿ ਗਈ ਰੂਹ ਵਿਚਾਰੀ, ਮਤਲਬੀ ਸਭ ਦਿਲਦਾਰਾਂ ਨੇ,
ਅੱਜ ਦੇ ਜੱਗ ਦਾ ਉਲਟਾ ਦਰਪਣ, ਕੂੜ ਦੀਆਂ ਸਰਕਾਰਾਂ ਨੇ।
ਯਾਦ ਰੱਖੀਂ ਓ ਭੋਲਿਆ ਬੰਦਿਆਂ, ਅੰਤ ਨਿਆਂ ਹੀ ਹੋਣਾ ਏ,
ਬੇਈਮਾਨੀ ਦਾ ਘੜਾ ਜਦ ਭਰਿਆ, ਝੂਠੇ ਨੇ ਫਿਰ ਰੋਣਾ ਏ।
ਸੱਚ ਦੀ ਲਾਟ ਕਦੇ ਨਾ ਡੋਲੇ, ਭਾਵੇਂ ਝੱਖੜ ਝੁੱਲਦੇ ਨੇ,
ਰੱਬ ਦੇ ਘਰ ਵਿੱਚ ਦੇਰ ਹੈ ਭਾਵੇਂ, ਅਦਲ ਦੇ ਬੂਹੇ ਖੁੱਲ੍ਹਦੇ ਨੇ।
'ਖਿੱਚੀ' ਮਾਨਸੇ ਵਾਲਿਆ ਹੌਂਸਲਾ, ਜਿੱਤਣਾ ਸੱਚ ਦੀਆਂ ਧਾਰਾਂ ਨੇ,
ਅੱਜ ਦੇ ਜੱਗ ਦਾ ਉਲਟਾ ਦਰਪਣ, ਕੂੜ ਦੀਆਂ ਸਰਕਾਰਾਂ ਨੇ।



**ਪ੍ਰੋ. ਪਵਨ ਖਿੱਚੀ, ਮਾਨਸਾ**
**ਮੋਬਾ. 9478160786**

# ਵਰ੍ਹੇਗੰਢ

ਯਾਦ ਹੈ ਤੈਨੂੰ?
ਅਗਲੇ ਹਫ਼ਤੇ ਆਪਣੀ ਵਰ੍ਹੇਗੰਢ ਹੈ।
'ਕਿਸ ਗੱਲ ਦੀ?'
ਨਾਲ ਹੀ ਉਸ ਦੀਆਂ ਅੱਖਾਂ 'ਚ ਹੈਰਾਨੀ ਦੀ ਬਿਜਲੀ ਕੌਂਧੀ।
ਆਪਣੀ ਦੋਸਤੀ ਦੀ।
ਦੋਸਤੀ!
ਕਮਲਿਆ, ਦੋਸਤੀ ਦੀ ਵੀ ਕੋਈ ਵਰ੍ਹੇਗੰਢ ਮਨਾਉਂਦਾ?'
ਕਿਉਂ ਨਹੀਂ? ਆਪਾਂ ਮਨਾ ਲੈਂਦੇ ਹਾਂ।
ਇਹ ਵੀ ਤਾਂ ਇੱਕ ਨਵੇਂ ਰਿਸ਼ਤੇ ਨੂੰ ਜਨਮ ਦਿੰਦੀ ਹੈ।
'ਮੈਂ ਨਹੀਂ ਅਜਿਹੇ ਰਿਸ਼ਤੇ ਨੂੰ ਕੁਝ ਸਮਝਦੀ,
ਨਾ ਹੀ ਮੈਂ ਕਿਸੇ ਰਿਸ਼ਤੇ ਨੂੰ ਖ਼ੁਦ ਨਾਲ ਬੰਨ੍ਹਣਾ ਚਾਹੁੰਦੀ ਹਾਂ।
ਕੇਵਲ ਸੁਤੰਤਰ ਬੰਦੀ ਦੇ ਰੂਪ ਵਿਚ ਹੀ ਜੀਣਾ ਚਾਹੁੰਦੀ ਹਾਂ।'
ਦ੍ਰਿੜ੍ਹਤਾ ਉਸ ਦੀਆਂ ਅੱਖਾਂ ਵਿਚ ਦੀਵੇ ਵਾਂਗ ਜਗ ਰਹੀ ਸੀ।
ਉਸ ਨੇ ਫਿਰ ਕਿਹਾ,
'ਸੁਣ! ਸੁਪਨੇ ਬੀਜਣੇ ਛੱਡ ਦੇ।
ਮੇਰੀ ਦੋਸਤੀ ਦੀ ਭੋਇੰ ਬੰਜਰ ਹੈ—
ਬੰਜਰ ਧਰਤੀ 'ਚ ਕੋਈ ਉੱਪਜ ਨਹੀਂ ਹੁੰਦੀ,
ਨਿਰਾਸ਼ਾ ਹੀ ਪੱਲੇ ਪੈਂਦੀ ਹੈ।
ਤੂੰ ਵਰ੍ਹੇਗੰਢ ਵਾਲਾ ਸੁਪਨਾ ਇਸ ਧਰਤੀ 'ਤੇ ਨਾ ਬੀਜ।
ਆ! ਪਹਿਲਾਂ,
ਮਨ ਦੀ ਬੰਜਰ ਧਰਤ ਨੂੰ ਸਵੱਛ ਵਿਚਾਰਾਂ ਨਾਲ
ਉਪਜਾਊ ਬਣਾਉਣ ਦਾ ਯਤਨ ਕਰੀਏ।'
ਉਸ ਨੇ ਮੇਰਾ ਹੱਥ ਆਪਣੇ ਹੱਥ 'ਚ ਲੈ ਕੇ,
ਘੁੱਟ ਕੇ, ਮੇਰੀਆਂ ਅੱਖਾਂ 'ਚ ਅੱਖਾਂ ਪਾਉਂਦਿਆਂ ਕਿਹਾ।
ਮੈਨੂੰ ਲੱਗਿਆ—
ਇਹ ਮਿਲਣੀ ਕਿੰਨੀ ਉੱਚੀ, ਕਿੰਨੀ ਸੁੱਚੀ ਹੈ
ਦਿਖਾਵੇ ਦੀ ਵਰ੍ਹੇਗੰਢ ਨਾਲੋਂ।



**ਸੁਰਜੀਤ ਸਿੰਘ ਭੁੱਲਰ**



# ਹਿਮਾਚਲ ਚ' ਨੌਜ਼ਵਾਨਾਂ ਉਤੇ ਜ਼ਬਰ ਕਰਨ ਵਾਲੇ ਕਥਿਤ ਦੋਸ਼ੀਆਂ ਵਿਰੁੱਧ ਕਾਨੂੰਨੀ ਕਾਰਵਾਈ ਲਈ 10 ਜੂਨ ਨੂੰ ਦਿੱਤਾ ਜਾਵੇਗਾ ਯਾਦ ਪੱਤਰ : ਸਿੰਗੜੀਵਾਲਾ



**ਹੁਸ਼ਿਆਰਪੁਰ, 8 ਜੂਨ (ਤਰਸੇਮ ਦੀਵਾਨਾ** ) – "ਹਿਮਾਚਲ ਵਿਚ ਯਾਤਰਾ ਕਰਨ ਗਏ ਸਿੱਖ ਨੌਜ਼ਵਾਨਾਂ ਨਾਲ ਕੁਝ ਸਿਰਫਿਰੇ ਭੂਤਰੇ ਹੋਏ ਹਿਮਾਚਲੀ ਨੌਜ਼ਵਾਨਾਂ ਨੇ ਗੱਡੀ ਵਿਚ ਸਫਰ ਕਰ ਰਹੇ 4 ਸਿੱਖ ਨੌਜਵਾਨਾਂ ਨੂੰ ਘੇਰਕੇ ਬਹੁਤ ਹੀ ਬੇਰਹਿਮੀ ਅਤੇ ਗੈਰ ਇਨਸਾਨੀਅਤ ਢੰਗ ਨਾਲ ਕੁੱਟਮਾਰ ਹੀ ਨਹੀ ਕੀਤੀ ਬਲਕਿ ਇਨ੍ਹਾਂ ਸਿੱਖ ਨੌਜਵਾਨਾਂ ਦੀਆਂ ਦਸਤਾਰਾਂ ਦਾ ਅਪਮਾਨ ਵੀ ਕੀਤਾ ਗਿਆ । ਇਥੇ ਇਹ ਵੀ ਵਰਣਨ ਕਰਨਾ ਜਰੂਰੀ ਹੈ ਕਿ 20-25 ਹਿਮਾਚਲੀ ਨੌਜਵਾਨਾਂ ਨੇ ਮਿੱਥਕੇ ਮੰਦਭਾਵਨਾ ਅਧੀਨ ਇਨ੍ਹਾਂ ਸਿੱਖ ਪੰਜਾਬੀ ਨੌਜਵਾਨਾਂ ਤੇ ਹਮਲਾ ਕਰਕੇ ਕੁੱਟਮਾਰ ਕੀਤੀ । ਇਹ ਤਾਂ ਮਨਪ੍ਰੀਤ ਸਿੰਘ ਨਾਮ ਦੇ ਨੌਜਵਾਨ ਸਰੀਰਕ ਪੱਖੋ ਤਕੜਾ ਤੇ ਮਜਬੂਤ ਹੋਣ ਦੀ ਬਦੌਲਤ ਉਸ ਕੋਲੋ ਜੋ ਰਿਵਾਲਵਰ ਖੋਹਣ ਦੀ ਕੋਸਿਸ ਕੀਤੀ ਗਈ, ਉਸ ਵਿਚ ਸਫਲ ਨਹੀ ਹੋ ਸਕੇ । ਵਰਨਾ ਉਸੇ ਰਿਵਾਲਵਰ ਨਾਲ ਇਨ੍ਹਾਂ ਸਿੱਖ ਨੌਜਵਾਨਾਂ ਦੇ ਕਤਲ ਵੀ ਕਰ ਸਕਦੇ ਸੀ । ਜੋ ਖਿੱਚੋਤਾਣ ਵਿਚ ਰਿਵਾਲਵਰ ਵਿਚੋ ਗੋਲੀ ਚੱਲਣ ਕਾਰਨ ਇਕ ਨੌਜਵਾਨ ਜਖਮੀ ਹੋਇਆ ਹੈ, ਉਹ ਕੋਈ ਸਿੱਖ ਨੌਜਵਾਨਾਂ ਨੇ ਮਿੱਥਕੇ ਗੋਲੀ ਨਹੀ ਚਲਾਈ ਸੀ ਬਲਕਿ ਕੁੱਟਮਾਰ ਦੌਰਾਨ ਇਹ ਗੋਲੀ ਚੱਲੀ ਹੈ । ਪਰ ਦੁੱਖ ਅਤੇ ਅਫਸੋਸ ਹੈ ਕਿ ਸੰਬੰਧਤ ਕੁੱਲੂ-ਮਨਾਲੀ ਦੇ ਇਲਾਕੇ ਨਾਲ ਸੰਬੰਧਤ ਪੁਲਿਸ ਅਫਸਰਾਨ ਅਤੇ ਸਰਕਾਰ ਵੱਲੋ ਜਿਨ੍ਹਾਂ ਸਿੱਖ ਨੌਜਵਾਨਾਂ ਉਤੇ ਜ਼ਬਰ ਹੋਇਆ ਹੈ, ਉਨ੍ਹਾਂ ਜਬਰ ਕਰਨ ਵਾਲੇ ਨੌਜਵਾਨਾਂ ਨੂੰ ਗ੍ਰਿਫਤਾਰ ਕਰਨ ਜਾਂ ਉਨ੍ਹਾਂ ਵਿਰੁੱਧ ਕੇਸ ਦਰਜ ਕਰਨ ਦੀ ਬਜਾਇ ਪੀੜ੍ਹਤਾਂ ਉਤੇ ਹੀ ਕੇਸ ਦਰਜ ਕਰਕੇ ਗ੍ਰਿਫਤਾਰ ਕਰਨ ਦੀ ਕਾਰਵਾਈ ਪ੍ਰਤੱਖ ਕਰਦੀ ਹੈ ਕਿ ਅਜਿਹੇ ਅਮਲ ਸਰਕਾਰਾਂ ਅਤੇ ਪੁਲਿਸ ਵੱਲੋ ਮੁਤੱਸਵੀ ਸੋਚ ਅਧੀਨ ਬੇਇਨਸਾਫ਼ੀ ਕੀਤੀ ਜਾ ਰਹੀ ਹੈ ਜੋ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਸਿੱਖ ਕੌਮ ਵੱਲੋ ਨਾਬਰਦਾਸਤ ਕਰਨ ਯੋਗ ਹੈ । ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸੁੱਖੂ ਸਰਕਾਰ ਅਤੇ ਡੀਜੀਪੀ ਹਿਮਾਚਲ ਨੂੰ ਗੰਭੀਰਤਾ ਪੂਰਵਕ ਖਬਰਦਾਰ ਕਰਦਾ ਹੈ ਕਿ ਸਿੱਖ ਨੌਜਵਾਨਾਂ ਤੇ ਜ਼ਬਰ-ਜੁਲਮ ਢਾਹੁਣ ਵਾਲੇ ਹਿਮਾਚਲੀ ਨੌਜਵਾਨਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਵਾਉਣ ਲਈਅਤੇ ਸਿੱਖ ਨੌਜਵਾਨਾਂ ਉਤੇ ਮੰਦਭਾਵਨਾ ਅਧੀਨ ਦਰਜ ਕੀਤੇ ਗਏ ਕੇਸ ਵਾਪਸ ਕਰਵਾਉਣ ਲਈ 10 ਜੂਨ ਨੂੰ ਪੰਜ ਸਿੰਘਾਂ ਦਾ ਜਥਾ ਪੰਜਾਬ ਹਿਮਾਚਲ ਬਾਰਡਰ ਤੇ ਜਾਵੇਗਾ ਤੇ ਹਿਮਾਚਲ ਸਰਕਾਰ ਅਤੇ ਡੀਜੀਪੀ ਹਿਮਾਚਲ ਲਈ ਡਿਪਟੀ ਕਮਿਸ਼ਨਰ ਉਨਾ ਨੂੰ ਯਾਦ ਪੱਤਰ ਦੇਵੇਗਾ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਨਾਮ ਸਿੰਘ ਸਿੰਗੜੀਵਾਲਾ ਜਿਲਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕੀਤਾ ਇਸ ਸਮੇਂ ਉਹਨਾਂ ਕਿਹਾ ਕਿ ਬੀਤੇ ਦਿਨੀਂ ਪੰਜਾਬ ਸੂਬੇ ਤੋ ਕੁਝ ਨੌਜਵਾਨ ਹਿਮਾਚਲ ਦੀ ਯਾਤਰਾ ਦੇ ਦੌਰਾਨ ਹਿਮਾਚਲੀ ਨੌਜਵਾਨਾਂ ਵੱਲੋ ਪੰਜਾਬੀ ਸਿੱਖ ਨੌਜਵਾਨਾਂ ਉਤੇ ਹਮਲਾ ਕਰਕੇ ਕੁੱਟਮਾਰ ਕਰਨ ਵਾਲੇ ਦੋਸ਼ੀਆਂ ਵਿਰੁੱਧ ਕਿਸੇ ਤਰ੍ਹਾਂ ਦਾ ਕਾਨੂੰਨੀ ਅਮਲ ਨਾ ਹੋਣ ਅਤੇ ਫਿਰਕੂ ਸੋਚ ਅਧੀਨ ਪੀੜ੍ਹਤਾਂ ਉਤੇ ਹੀ ਕੇਸ ਦਰਜ ਕਰਕੇ ਗ੍ਰਿਫਤਾਰ ਕਰਨ ਦੇ ਗੈਰ ਕਾਨੂੰਨੀ ਤੇ ਗੈਰ ਸਮਾਜਿਕ ਅਮਲਾਂ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦੇ ਹੋਏ ਅਤੇ ਇਸ ਵਿਸੇ ਤੇ ਹਿਮਾਚਲ ਦੀ ਸੁੱਖੂ ਸਰਕਾਰ ਤੇ ਡੀਜੀਪੀ ਹਿਮਾਚਲ ਨੂੰ ਦੋਸ਼ੀਆਂ ਵਿਰੁੱਧ ਕਾਰਵਾਈ ਨਾ ਹੋਣ ਤੇ ਹਾਲਾਤਾਂ ਦੇ ਵਿਸਫੋਟਕ ਬਣ ਜਾਣ ਲਈ ਖਬਰਦਾਰ ਕਰਦੇ ਹੋਏ ਪ੍ਰਗਟ ਕੀਤੇ । ਸਿੰਗੜੀਵਾਲਾ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਦਾ ਇਸ ਗੰਭੀਰ ਵਿਸੇ ਵੱਲ ਧਿਆਨ ਕੇਦਰਿਤ ਕਰਦੇ ਹੋਏ ਕਿਹਾ ਕਿ ਅਜਿਹੀਆ ਕਾਰਵਾਈਆ ਕੁਝ ਸਮੇ ਤੋ ਪੰਜਾਬ ਤੋ ਹਿਮਾਚਲ ਵਿਚ ਯਾਤਰਾ ਕਰਨ ਵਾਲੇ ਪੰਜਾਬੀਆਂ ਤੇ ਸਿੱਖਾਂ ਉਤੇ ਹੋ ਰਹੇ ਹਮਲਿਆ ਦੀ ਰੋਕਥਾਮ ਲਈ ਕੋਈ ਅਮਲ ਜਰੂਰ ਹੋਣਾ ਚਾਹੀਦਾ ਹੈ । ਜੋ ਹਿਮਾਚਲ ਸਰਕਾਰ ਨੇ ਪੰਜਾਬ ਦੇ ਜਾਣ ਵਾਲੇ ਵਾਹਨਾ ਉਤੇ ਬਿਨ੍ਹਾਂ ਵਜਹ ਗੈਰ ਕਾਨੂੰਨੀ ਢੰਗ ਨਾਲ ਟੈਕਸ ਲਗਾਏ ਹਨ, ਇਹ ਵੀ ਪੰਜਾਬੀਆਂ ਉਤੇ ਬਹੁਤ ਵੱਡੀ ਜਿਆਦਤੀ ਹੈ । ਭਗਵੰਤ ਮਾਨ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਜੋ ਹਿਮਾਚਲ ਤੋ ਪੰਜਾਬ ਵਿਚ ਵਾਹਨ ਆਉਦੇ ਹਨ, ਉਨ੍ਹਾਂ ਉਤੇ ਵੀ ਇਸੇ ਤਰ੍ਹਾਂ ਟੈਕਸ ਲਗਾਕੇ ਹਿਮਾਚਲ ਸਰਕਾਰ ਨੂੰ ਅਰਥ ਭਰਪੂਰ ਸੰਦੇਸ ਦੇਣ ਦੇ ਅਮਲ ਕਰਨ ਕਿ ਪੰਜਾਬੀ ਨਾ ਤਾਂ ਕਿਸੇ ਉਤੇ ਜਿਆਦਤੀ ਕਰਦੇ ਹਨ ਅਤੇ ਨਾ ਹੀ ਕਿਸੇ ਤਰ੍ਹਾਂ ਦੀ ਜਿਆਦਤੀ ਨੂੰ ਸਹਿਣ ਕਰਦੇ ਹਨ । ਸਿੰਗੜੀਵਾਲਾ ਨੇ ਉਮੀਦ ਪ੍ਰਗਟ ਕੀਤੀ ਕਿ ਉਪਰੋਕਤ ਕੁੱਟਮਾਰ ਦੇ ਗੰਭੀਰ ਵਿਸੇ ਉਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਹਿਮਾਚਲ ਸਰਕਾਰ ਅਤੇ ਡੀਜੀਪੀ ਹਿਮਾਚਲ ਨਾਲ ਸੰਪਰਕ ਕਰਕੇ ਪੰਜਾਬੀ ਸਿੱਖ ਨੌਜਵਾਨਾਂ ਉਤੇ ਹੋਏ ਤਸੱਦਦ ਦਾ ਇਨਸਾਫ਼ ਦਿਵਾਉਣ ਲਈ ਆਪਣੀ ਜਿੰਮੇਵਾਰੀ ਨੂੰ ਪੂਰਨ ਕਰੇਗੀ । ਪੰਜਾਬੀਆਂ ਦੇ ਹੱਕ ਹਕੂਕਾ ਦੀ ਰੱਖਿਆ ਕਰੇਗੀ ਇਸ ਸਮੇਂ ਸੰਦੀਪ ਸਿੰਘ ਖਾਲਸਾ ਟਾਂਡਾ, ਸੁਖਜਿੰਦਰ ਸਿੰਘ ਸਾਬੀ, ਪ੍ਰੀਤ ਸਿੰਘ ਝੱਜ,ਅਮਰਜੀਤ ਸਿੰਘ ਗੋਕਲ ਨਗਰ, ਅੰਮ੍ਰਿਤਪਾਲ ਸਿੰਘ ਅਰੋੜਾ, ਅਮਨਦੀਪ ਸਿੰਘ ਸਨੀ, ਜਸਰਾਜ ਸਿੰਘ ਆਦਿ ਹਾਜ਼ਰ ਸਨ !

**ਫੋਟੋ ਅਜਮੇਰ ਦੀਵਾਨਾ**

# ਜੂਨੀਅਰ ਨੈਸ਼ਨਲ ਕਿਕਬਾਕਸਿੰਗ ਚੈਂਪੀਅਨਸ਼ਿਪ ਵਿੱਚ ਖਿਡਾਰੀਆਂ ਦਾ ਸ਼ਾਨਦਾਰ ਪ੍ਰਦਰਸ਼ਨ

## ਡਾ ਅੰਬੇਦਕਰ ਕਮੇਟੀ ਦੇ ਪ੍ਰਧਾਨ ਕੁਲਦੀਪ ਭੱਟੀ ਨੇ ਖਿਡਾਰੀਆਂ ਦਾ ਸਨਮਾਨ ਕੀਤਾ



**ਬੰਗਾ 8 ਜੂਨ (ਚਰਨਜੀਤ ਸੱਲ੍ਹਾ** ) ਜੂਨੀਅਰ ਨੈਸ਼ਨਲ ਕਿਕਬਾਕਸਿੰਗ ਚੈਂਪੀਅਨਸ਼ਿਪ ਵਿੱਚ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਇਲਾਕੇ, ਸਕੂਲ, ਡਾ. ਅੰਬੇਡਕਰ ਅਕੈਡਮੀ ਸੂੰਢ ਅਤੇ ਆਪਣੇ ਕੋਚ ਦਾ ਨਾਮ ਰੌਸ਼ਨ ਕੀਤਾ। ਇਸ ਮੁਕਾਬਲੇ ਵਿੱਚ ਨਮਨ ਸਿੰਘ ਅਹੀਰ, ਦਮਨਦੀਪ ਸਿੰਘ ਅਤੇ ਡੌਲੀ ਨੇ ਸੋਨੇ ਦੇ ਤਗਮੇ ਜਿੱਤ ਕੇ ਵੱਡੀ ਉਪਲਬਧੀ ਹਾਸਲ ਕੀਤੀ, ਜਦਕਿ ਲਕਸ਼ ਧੀਮਾਨ, ਸਨੀ ਅਤੇ ਨੈਂਸੀ ਨੇ ਕਾਂਸੀ ਦੇ ਤਗਮੇ ਆਪਣੇ ਨਾਮ ਕੀਤੇ। ਇਸ ਤੋਂ ਇਲਾਵਾ ਅੰਕੁਸ਼ ਅਤੇ ਮੁਹੰਮਦ ਅਰਮਾਨ ਨੇ ਵੀ ਚੈਂਪੀਅਨਸ਼ਿਪ ਵਿੱਚ ਭਾਗ ਲੈ ਕੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ ਅਤੇ ਭਵਿੱਖ ਲਈ ਉਮੀਦਾਂ ਜਗਾਈਆਂ। ਖਿਡਾਰੀਆਂ ਦੀ ਇਸ ਸਫਲਤਾ ’ਤੇ ਕੋਚ ਮਨਜੋਤ ਲੌਂਗੀਆ ਨੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਉਪਲਬਧੀਆਂ ਖਿਡਾਰੀਆਂ ਦੀ ਸਖ਼ਤ ਮਿਹਨਤ, ਅਨੁਸ਼ਾਸਨ ਅਤੇ ਲਗਨ ਦਾ ਨਤੀਜਾ ਹਨ। ਉਨ੍ਹਾਂ ਕਿਹਾ ਕਿ ਟੀਮ ਦੇ ਸਾਰੇ ਖਿਡਾਰੀਆਂ ਨੇ ਪੂਰੀ ਮਿਹਨਤ ਨਾਲ ਮੁਕਾਬਲੇ ਵਿੱਚ ਹਿੱਸਾ ਲਿਆ ਅਤੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਆਪਣੇ ਪਰਿਵਾਰਾਂ, ਇਲਾਕੇ, ਸਕੂਲ, ਅਕੈਡਮੀ ਅਤੇ ਪੰਜਾਬ ਦਾ ਮਾਣ ਵਧਾਇਆ ਹੈ। ਖਿਡਾਰੀਆਂ ਦੀ ਮਿਹਨਤ ਅਤੇ ਸਮਰਪਣ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸਫਲਤਾ ਲਗਾਤਾਰ ਅਭਿਆਸ ਅਤੇ ਦ੍ਰਿੜ ਇਰਾਦੇ ਦਾ ਨਤੀਜਾ ਹੈ। ਉਨ੍ਹਾਂ ਨੇ ਆਸ ਪ੍ਰਗਟਾਈ ਕਿ ਇਹ ਖਿਡਾਰੀ ਭਵਿੱਖ ਵਿੱਚ ਵੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ’ਤੇ ਪੰਜਾਬ ਅਤੇ ਦੇਸ਼ ਦਾ ਨਾਮ ਰੌਸ਼ਨ ਕਰਨਗੇ। ਡਾ ਅੰਬੇਡਕਰ ਮੈਮੋਰੀਅਲ ਕਮੇਟੀ ਸੂੰਢ,ਪੰਜਾਬ ਦੇ ਪ੍ਰਧਾਨ ਅਤੇ ਖੇਡ ਪ੍ਰੇਮੀ ਕੁਲਦੀਪ ਭੱਟੀ, ਵਿਨੈ ਥੈਰੋ ਭੰਤੇ ਜੀ ਅਤੇ ਬਾਕੀ ਕਮੇਟੀ ਮੈਂਬਰਾਂ ਵੱਲੋਂ ਖਿਡਾਰੀਆਂ ਦਾ ਸਨਮਾਨ ਕੀਤਾ ਗਿਆ ਅਤੇ ਸਾਰੇ ਖਿਡਾਰੀਆਂ ਅਤੇ ਕੋਚ ਮਨਜੋਤ ਲੌਂਗੀਆ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਡਾ. ਅੰਬੇਡਕਰ ਮੈਮੋਰੀਅਲ ਪਬਲਿਕ ਹਾਈ ਸਕੂਲ ਸੂੰਢ ਦੇ ਪ੍ਰਿੰਸੀਪਲ ਮਨਜੀਤ ਸਿੰਘ ਲੌਂਗੀਆ ਅਤੇ ਵਾਈਸ ਪ੍ਰਿੰਸੀਪਲ ਅੰਜਲੀ ਅਤੇ ਡੀ.ਪੀ.ਈ ਜਗਸੀਰ ਸਿੰਘ ਰਟੈਂਡਾ ਵੀ ਹਾਜ਼ਰ ਸਨ। ਉਨ੍ਹਾਂ ਨੇ ਸਾਰੇ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਉਜਲੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਖੇਡਾਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਬਹੁਤ ਮਹੱਤਵਪੂਰਨ ਹਨ। ਇਲਾਕੇ ਦੇ ਖੇਡ ਪ੍ਰੇਮੀਆਂ ਅਤੇ ਮਾਪਿਆਂ ਵੱਲੋਂ ਸਾਰੇ ਮੈਡਲ ਜੇਤੂ ਖਿਡਾਰੀਆਂ, ਭਾਗੀਦਾਰਾਂ ਅਤੇ ਕੋਚਾਂ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈਆਂ ਦਿੱਤੀਆਂ ਗਈਆਂ।

# ਜੱਥੇਦਾਰ ਭਾਈ ਕਾਉਂਕੇ ਕਤਲ ਕੇਸ ਦੇ ਮੁੱਖ ਗਵਾਹ ਦਰਸ਼ਨ ਸਿੰਘ ਹਠੂਰ ਦੀ ਕੌਣ ਲਵੇਗਾ ਸਾਰ

**ਰਾਏਕੋਟ/ਹਠੂਰ, ਜੂਨ--ਗੁਰਭਿੰਦਰ ਗੁਰੀ**

ਕੌਮ ਜਿੱਥੇ ਸਦਾ ਚੜ੍ਹਦੀ ਕਲਾ ਵਿਚ ਰਹਿੰਦੀ ਹੈ, ਓਥੇ ਆਪਣੇ ਸ਼ਹੀਦਾਂ ਅਤੇ ਜਿੰਦਾ ਸ਼ਹੀਦਾਂ ਨੂੰ ਵੀ ਸਾਂਭਦੀ ਹੈ ਪਰ ਅੱਜ ਗੱਲ ਕਰਦੇ ਹਾਂ ਕੌਮੀ ਸ਼ਹੀਦ ਸਾਬਕਾ ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਭਾਈ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਕਤਲ ਕੇਸ ਦੇ ਮੁੱਖ ਗਵਾਹ ਭਾਈ ਦਰਸ਼ਨ ਸਿੰਘ ਹਠੂਰ ਜੋ ਅੱਜ ਕੱਲ੍ਹ ਅਨੇਕਾ ਸਮੱਸਿਆਵਾ ਵਿਚੋ ਦੀ ਲੰਘ ਰਹੇ ਹਨ।ਇਸ ਸਬੰਧੀ ਜਦੋ ਅੱਜ ਪੱਤਰਕਾਰਾ ਨੇ ਭਾਈ ਦਰਸ਼ਨ ਸਿੰਘ ਹਠੂਰ ਦਾ ਹਾਲ ਜਾਨਣ ਲਈ ਪਹੁੰਚੇ ਤਾਂ ਭਾਈ ਦਰਸਨ ਸਿੰਘ ਹਠੂਰ ਨੇ ਭਰੇ ਮਨ ਨਾਲ ਦੱਸਿਆ ਕਿ ਉਨ੍ਹਾ ਨੂੰ ਪਿਛਲੇ ਦਿਨੀਂ ਘਰ ਵਿਚ ਹੀ ਅਚਾਨਕ ਦੌਰਾ ਪੈਣ ਕਾਰਨ ਉਹ ਜਮੀਨ ਤੇ ਡਿੱਗ ਪਏ,ਜਿਸ ਕਰਕੇ ਉਨ੍ਹਾ ਦੀਆਂ ਦੋਵੇਂ ਲੱਤਾਂ ਟੁੱਟ ਗਈਆਂ।ਜਿਨ੍ਹਾ ਦਾ ਇਲਾਜ ਪਰਿਵਾਰਕ ਮੈਬਰਾ ਨੇ ਲੁਧਿਆਣਾ ਦੇ ਇੱਕ ਨਿਜੀ ਹਸਪਤਾਲ ਤੋ ਕਰਵਾਇਆ ਪਰ ਦੁੱਖ ਦੀ ਗੱਲ ਹੈ ਕਿ ਕਿਸੇ ਵੀ ਰਾਜਨੀਤਿਕ ਪਾਰਟੀ ਦੇ ਆਗੂ ਅਤੇ ਕਿਸੇ ਵੀ ਸਿੱਖ ਜੱਥੇਬੰਦੀ ਨੇ ਉਨ੍ਹਾ ਦੀ ਸਾਰ ਨਹੀ ਲਈ ਉਹ ਮੌਜੂਦਾ ਸਮੇਂ ਅੰਤਾ ਦੀ ਆਰਥਿਕ ਮੰਦੀ ਝੱਲ ਰਹੇ ਹਨ।ਉਨ੍ਹਾ ਕਿਹਾ ਕਿ ਉਹ ਅੱਜ ਵੀ ਸਿੱਖ ਕੌਮ ਦੀ ਚੜ੍ਹਦੀ ਕਲਾਂ ਲਈ ਤੱਤਪਰ ਹਨ ਅਤੇ ਹੁਣ ਦੇਖਣ ਵਾਲੀ ਗੱਲ ਹੈ ਕਿ ਭਾਈ ਦਰਸਨ ਸਿੰਘ ਹਠੂਰ ਦੀ ਕੋਣ ਬਾਹ ਫੜ੍ਹਦਾ ਹੈ ਇਹ ਤਾ ਆਉਣ ਵਾਲਾ ਸਮਾਂ ਹੀ ਦੱਸੇਗਾ।



# ਤੇਜਸਵੀਰ ਸਿੰਘ ਨੂੰ ਫੋਟੋਗ੍ਰਾਫਰ ਐਸੋਸੀਏਸ਼ਨ ਵੱਲੋਂ ਸਨਮਾਨਿਤ ਕੀਤਾ ਗਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਬੀਤੇ ਦਿਨੀਂ ਨੌਜਵਾਨ ਤੇਜਸਵੀਰ ਸਿੰਘ ਨੂੰ ਸੰਮ੍ਰਿਗ ਫੇਲ ਸਕੂਲ ਦੇ ਫੋਟੋਗ੍ਰਾਫੀ ਕਲੱਬ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਉਪਲਬਧੀ ਦੇ ਮੌਕੇ 'ਤੇ ਬੀ.ਐਸ.ਐਫ ਸੈਕਟਰ ਦੇ ਸੀਨਿਅਰ ਅਧਿਕਾਰੀ ਐੱਸ.ਐੱਸ. ਚੰਦਲ ਵੱਲੋਂ ਤੇਜਸਵੀਰ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ। ਖਾਸ ਗੱਲ ਇਹ ਰਹੀ ਕਿ ਤੇਜਸਵੀਰ ਸਿੰਘ ਵੱਲੋਂ ਖਿੱਚੀ ਗਈ ਇੱਕ ਸ਼ਾਨਦਾਰ ਫੋਟੋਗ੍ਰਾਫ ਨੈਸ਼ਨਲ ਆਰਟ ਗੈਲਰੀ ਅੰਮ੍ਰਿਤਸਰ ਵਿੱਚ ਪ੍ਰਕਾਸ਼ਿਤ ਹੋਈ, ਜਿਸ ਨਾਲ ਉਸਦੀ ਪ੍ਰਤਿਭਾ ਨੂੰ ਹੋਰ ਮਾਣ ਮਿਲਿਆ। ਹੁਸ਼ਿਆਰਪੁਰ ਪਹੁੰਚਣ 'ਤੇ ਫੋਟੋਗ੍ਰਾਫਰ ਐਸੋਸੀਏਸ਼ਨ ਵੱਲੋਂ



ਤੇਜਸਵੀਰ ਸਿੰਘ ਦਾ ਬਹੁਤ ਵਧੀਆ ਤਰੀਕੇ ਨਾਲ ਸਵਾਗਤ ਕੀਤਾ ਗਿਆ ਅਤੇ ਉਸਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ ਤੇਜਸਵੀਰ ਸਿੰਘ ਦੇ ਮਾਮਾ ਅਜੇ ਪਾਲ ਸਿੰਘ ਨੇ ਦੱਸਿਆ ਕਿ ਛੋਟੀ ਉਮਰ ਵਿੱਚ ਹੀ ਉਸਨੇ ਇਹ ਵੱਡੀ ਉਪਲੱਬਧੀ ਹਾਸਲ ਕੀਤੀ ਹੈ। ਐਸੋਸੀਏਸ਼ਨ ਦੇ ਪ੍ਰਧਾਨ ਹਰਜਾਪ ਸਿੰਘ ਨੇ ਇਸ ਮੌਕੇ ਤੇਜਸਵੀਰ ਸਿੰਘ ਨੂੰ ਵਧਾਈ ਦਿੰਦਿਆਂ ਕਿਹਾ ਕਿ, ਛੋਟੀ ਉਮਰ ਵਿੱਚ ਐਨੀ ਵੱਡੀ ਮੰਜਿਲ ਹਾਸਲ ਕਰਨਾ ਕੋਈ ਆਮ ਗੱਲ ਨਹੀਂ ਹੈ। ਉਹਨਾਂ ਕਿਹਾ ਕਿ ਇਹ ਨੌਜਵਾਨ ਪੀੜ੍ਹੀ ਲਈ ਪ੍ਰੇਰਣਾ ਦਾ ਸਰੋਤ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਲਾਲ ਸਿੰਘ ਚੇਅਰਮੈਨ, ਸੰਜੀਵ ਅਰੋੜਾ ਸੈਕਟਰੀ, ਵਿਪਨ ਸ਼ਰਮਾ ਸੀਨੀਅਰ ਵਾਈਸ ਪ੍ਰਧਾਨ, ਹਰਜਿੰਦਰ ਸਿੰਘ ਵਾਈਸ ਪ੍ਰਧਾਨ, ਕਰਮਵੀਰ ਸਿੰਘ ਵਾਈਸ ਪ੍ਰਧਾਨ, ਨਰੇਸ਼ ਕੁਮਾਰ ਕੈਸ਼ੀਅਰ, ਗੁਰਚਰਨ ਸਿੰਘ ਪੀਆਰਓ, ਅਨਿਲ ਕੁਮਾਰ ਜੋਇੰਟ ਸੈਕਟਰੀ, ਚਰਨਜੀਤ ਸਿੰਘ ਜੋਇੰਟ ਸੈਕਟਰੀ, ਅਸ਼ਵਨੀ ਕੁਮਾਰ, ਸੁਖਵਿੰਦਰ ਸਿੰਘ ਹੀਰਾ, ਗੁਰਮੇਲ ਸਿੰਘ, ਸ਼ਰਨਜੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਫੋਟੋਗ੍ਰਾਫਰ ਹਾਜ਼ਰ ਸਨ।

# ਬਰਕਤ ਉੱਲਾ ਯੂਨੀਵਰਸਿਟੀ ਦਾ ਨਾਂਅ ਬਦਲਣ ਪਿੱਛੇ ਮੰਤਵਾਂ ਨੂੰ ਬੇਪਰਦ ਕਰਨ ਲਈ ਦੇਸ਼ ਭਗਤਾਂ ਦੀ ਅਪੀਲ

**ਜਲੰਧਰ (ਸਤਨਾਮ ਸਿੰਘ ਸਹੂੰਗੜਾ )** ਬਰਕਤ ਉੱਲਾ ਯੂਨੀਵਰਸਿਟੀ ਭੋਪਾਲ, ਮੱਧ ਪ੍ਰਦੇਸ਼ ਦਾ ਨਾਮ ਬਦਲਣ ਲਈ ਯੂਨੀਵਰਸਿਟੀ ਦੀ ਐਗਜੈਕਟਿਵ ਕੌਂਸਲ ਵੱਲੋਂ ਪਾਸ ਕੀਤੇ ਮਤੇ ਦੀ ਸਖ਼ਤ ਨਿੰਦਾ ਕਰਦੇ ਹੋਏ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਲਿਖਤੀ ਪ੍ਰੈਸ ਬਿਆਨ 'ਚ ਕਿਹਾ ਹੈ ਸਾਡੇ ਮੁਲਕ ਦੀ ਆਜ਼ਾਦੀ ਦੇ ਸੰਗਰਸ਼ ਅੰਦਰ ਵਿਲੱਖਣ, ਇਨਕਲਾਬੀ ਭੂਮਿਕਾ ਅਦਾ ਕਰਨ ਵਾਲੀ ਗ਼ਦਰ ਪਾਰਟੀ ਦੇ ਬਾਨੀਆਂ ਦੀ ਸਿਰਮੌਰ ਟੀਮ ਵਿੱਚ ਮੀਤ ਪ੍ਰਧਾਨ ਦੀਆਂ ਸੇਵਾਵਾਂ ਅਦਾ ਕਰਨ ਵਾਲੇ ਪ੍ਰੋ. ਬਰਕਤ ਉੱਲਾ ਦੇ ਨਾਮ 'ਤੇ 1984 ਤੋਂ ਚਲੀ ਆਉਂਦੀ ਯੂਨੀਵਰਸਿਟੀ ਦਾ ਨਾਮ ਬਦਲਣ ਦਾ ਪ੍ਰਸਤਾਵ ਲਿਆਉਣਾ ਹੀ ਆਪਣੇ ਆਪ 'ਚ ਗ਼ਦਰ ਲਹਿਰ ਅਤੇ ਸਮੁੱਚੇ ਆਜ਼ਾਦੀ ਸੰਗਰਾਮ ਦੀ ਤੌਹੀਨ ਕਰਨਾ ਹੈ। ਜਿਸ ਖ਼ਿਲਾਫ਼ ਦੇਸ਼-





ਬਦੇਸ਼ ਅੰਦਰ ਜ਼ਬਰਦਸਤ ਵਿਰੋਧ ਲਹਿਰ ਖੜ੍ਹੀ ਕਰਨ ਦੀ ਲੋੜ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਆਗੂਆਂ ਦਾ ਵਿਚਾਰ ਹੈ ਕਿ ਇਹ ਮਹਿਜ਼ ਯੂਨੀਵਰਸਿਟੀ ਦੀ ਐਗਜੈਕਟਿਵ ਕੌਂਸਲ ਨੂੰ ਹੀ ਫੁਰਿਆ ਫੁਰਨਾ ਨਹੀਂ ਸਗੋਂ ਸਾਡੇ ਮੁਲਕ ਅੰਦਰ ਜੋ ਅੰਨ੍ਹੀ ਦੌੜ ਆਰ.ਐੱਸ.ਐੱਸ. ਦੇ ਇਸ਼ਾਰਿਆਂ 'ਤੇ ਮੋਦੀ-ਅਮਿਤ ਸ਼ਾਹ ਦੀ ਭਾਜਪਾ ਹਕੂਮਤ ਦੌੜ ਰਹੀ ਹੈ ਇਹ ਉਸਦੇ ਵਿਸਥਾਰਤ ਏਜੰਡੇ ਦੀ ਲੜੀ ਦਾ ਹਿੱਸਾ ਹੈ। ਉਹਨਾਂ ਕਿਹਾ ਕਿ ਜੇਕਰ ਇਨ੍ਹਾਂ ਕਦਮਾਂ ਨੂੰ ਠੱਲ੍ਹ ਪਾਉਣ ਲਈ ਬੁੱਧੀਜੀਵੀ, ਅਧਿਆਪਕ, ਵਿਦਿਆਰਥੀ, ਸਮਾਜ ਹਿਤੈਸ਼ੀ ਧੜਲੇ ਨਾਲ ਆਵਾਜ਼ ਬੁਲੰਦ ਕਰਨ ਲਈ ਅੱਗੇ ਨਾ ਆਏ ਤਾਂ ਭਵਿੱਖ ਵਿੱਚ ਅਜੇਹੇ ਕਦਮਾਂ ਦੀ ਭਰਮਾਰ ਆਏਗੀ। ਦੇਸ਼ ਭਗਤ ਕਮੇਟੀ ਨੇ ਆਪਣੇ ਖ਼ਦਸ਼ਿਆਂ ਦੀ ਪ੍ਰਮਾਣਿਕਤਾ ਉਪਰ ਜ਼ੋਰ ਦਿੰਦਿਆਂ ਕਿਹਾ ਕਿ ਕਦੇ ਕਾਕੋਰੀ ਕਾਂਡ ਦੇ ਅਮਰ ਸ਼ਹੀਦਾਂ ਦੇ ਬੁੱਤ ਤੋੜਨਾ, ਕਦੇ ਜਲ੍ਹਿਆਂ ਵਾਲੇ ਬਾਗ਼ ਵਰਗੀ ਕੌਮੀ ਇਬਾਦਤਗ-ਾਹ ਦਾ ਹੁਲੀਆ ਵਿਗਾੜਕੇ, ਬਾਗ਼ ਦੇ ਮੌਲਿਕ ਇਤਿਹਾਸਕ ਮੁਹਾਂਦਰੇ ਵਿੱਚ ਖੋਟ ਰਲਾਉਣ ਲਈ ਕਦਮ ਚੁੱਕੇ ਜਾ ਰਹੇ ਹਨ। ਇਉਂ ਹੀ ਭਵਿੱਖ ਵਿੱਚ ਇੱਕ ਤੋਂ ਬਾਅਦ ਦੂਜੀ ਅਜੇਹੀ ਘਟਨਾ ਸਾਡੇ ਬੂਹੇ ਦਸਤਕ ਦੇਵੇਗੀ। 7 ਜੁਲਾਈ 1854 ਨੂੰ ਭੋਪਾਲ ਵਿੱਚ ਜਨਮੇ, ਉੱਚ ਵਿੱਦਿਆ ਹਾਸਲ ਕਰਨ ਲਈ ਬਦੇਸ਼ ਗਏ ਅਤੇ ਅਮਰੀਕਾ ਦੀ ਧਰਤੀ 'ਤੇ ਗਠਿਤ ਹੋਈ ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਵਰਗਿਆਂ ਨਾਲ ਅਗਲੀ ਵਿੱਚ ਹੋ ਕੇ ਗ਼ਦਰ ਪਾਰਟੀ 'ਚ ਕੰਮ ਕਰਨ ਵਾਲੇ ਪ੍ਰੋ. ਬਰਕਤ ਉੱਲਾ ਬਾਰੇ ਇਹ ਕਹਿਣਾ ਕਿ ''ਉਹਨਾਂ ਨੇ ਬਦੇਸ਼ ਵਿੱਚ ਕੰਮ ਕੀਤਾ ਹੋਏਗਾ ਪਰ ਮੁਲਕ ਦੀ ਆਜ਼ਾਦੀ ਲਹਿਰ ਨਾਲ ਉਹਨਾਂ ਦਾ ਨਾਮ ਜੋੜਨਾ ਠੀਕ ਨਹੀਂ'' ਇਹ ਦਰਸਾਉਂਦਾ ਹੈ ਕਿ ਹੋਰ ਜਿੰਨੇ ਵੀ ਆਜ਼ਾਦੀ ਸੰਗਰਾਮ ਦੇ ਪਰਵਾਨੇ ਆਪਣੀ ਤਨ, ਮਨ, ਧਨ ਸਭ ਕੁੱਝ ਕੁਰਬਾਨ ਕਰ ਗਏ ਉਹਨਾਂ ਨੂੰ ਬਾਹਰਲੇ ਦੱਸਣ ਵਾਲੀ ਐਨਕ ਨਾਲ ਵੇਖਣਾ ਭਾਜਪਾ ਹਕੂਮਤ ਦੇ ਗਹਿਰੇ ਕੋਝੇ ਮੰਤਵਾਂ ਦੀ ਗਵਾਹੀ ਦਿੰਦਾ ਹੈ। ਕਮੇਟੀ ਨੇ ਸਮੂਹ ਲੋਕ-ਪੱਖੀ ਸੰਸਥਾਵਾਂ ਨੇ ਬਰਕਤ ਉੱਲਾ ਯੂਨੀਵਰਸਿਟੀ ਦਾ ਨਾਮ ਬਦਲਣ ਪਿੱਛੇ ਕੰਮ ਕਰਦੇ ਫ਼ਿਰਕੂ ਫ਼ਾਸ਼ੀ ਮੰਤਵਾਂ ਨੂੰ ਸਮਝਦੇ ਹੋਏ ਵਿਸ਼ਾਲ ਜਨਤਕ ਆਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ ਹੈ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ( ਰਜਿ ) ਸਰਾਭਾ ਨਗਰ ਵਿਖੇ ਹਫਤਾਵਾਰੀ ਸਮਾਗਮ ਕਰਵਾਇਆ ਗਿਆ



**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)** ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ (ਰਜਿ:) ਸਰਾਭਾ ਨਗਰ ਲੁਧਿਆਣਾ ਵਿਖੇ ਹਫਤਾਵਾਰੀ ਸਮਾਗਮ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਇਆ ਗਿਆ। ਜਿਸ ਵਿੱਚ ਭਾਈ ਅਮਨਦੀਪ ਸਿੰਘ ਜੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਵਾਲਿਆਂ ਦੇ ਜਥੇ ਵੱਲੋਂ ਬਾਣੀ ਕੀਰਤਨ ਦੀ ਸੇਵਾ ਰਾਤ 8 ਵਜੇ ਤੋਂ 9 ਵਜੇ ਤੱਕ ਕੀਤੀ ਗਈ। ਗੁਰਦੁਆਰਾ ਸਾਹਿਬ ਦੇ ਮੁੱਖ ਕਥਾਵਾਚਕ ਗਿਆਨੀ ਸਤਨਾਮ ਸਿੰਘ ਜੀ ਜੀਰੇ ਵਾਲਿਆਂ ਨੇ ਅੰਮ੍ਰਿਤ ਵੇਲੇ ਗੁਰੂ ਘਰ ਨਤਮਸਤਕ ਹੋਈਆਂ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਹਫਤਾਵਾਰੀ ਸਮਾਗਮ ਵਿੱਚ ਪਹੁੰਚੇ ਭਾਈ ਅਮਨਦੀਪ ਸਿੰਘ ਜੀ ਤਖ਼ਤ ਸ਼੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਵਾਲਿਆਂ ਅਤੇ ਉਹਨਾਂ ਦੇ ਜੱਥੇ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪ੍ਰਧਾਨ ਗੁਰਪ੍ਰੀਤ ਸਿੰਘ ਬਜਾਜ, ਮੀਤ ਪ੍ਰਧਾਨ ਬੀਬੀ ਰਵਿੰਦਰ ਕੌਰ, ਸੈਕਟਰੀ ਚਰਨਜੀਤ ਸਿੰਘ, ਸੀਨੀਅਰ ਮੈਂਬਰ ਜਗਦੀਪ ਸਿੰਘ ਨੀਲੂ ਅਤੇ ਸਰਬਜੀਤ ਸਿੰਘ ਨੇ ਸਨਮਾਨਿਤ ਕੀਤਾ। ਉਹਨਾ ਦੱਸਿਆ ਕਿ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਚੈਰੀਟੇਬਲ ਡਿਸਪੈਂਸਰੀ ਵਿੱਚ ਮੈਡੀਕਲ, ਡੈਂਟਲ ਅਤੇ ਹੋਮਿਓਪੈਥੀ ਡਿਸਪੈਂਸਰੀ ਚਲਾਈ ਜਾ ਰਹੀ ਹੈ। ਜਿਸ ਵਿੱਚ ਲੋੜਵੰਦ ਬੇਸਹਾਰਾ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦੀਆਂ ਸਹੂਲਤਾਂ ਬੀ ਉਪਲਬਧ ਹਨ। ਸਮਾਗਮ ਉਪਰੰਤ ਗੁਰੂ ਕਾ ਲੰਗਰ ਅਟੁੱਟ ਵਰਤਿਆ।

# ਗੋਲੀਬਾਰੀ ਦੌਰਾਨ 19 ਸਾਲਾਂ ਨੌਜਵਾਨ ਲੜਕੀ ਦੀ ਮੌਤ

**ਲੈਸਟਰ (ਇੰਗਲੈਂਡ), 8 ਜੂਨ (ਸੁਖਜਿੰਦਰ ਸਿੰਘ ਢੱਡੇ)-** ਇੰਗਲੈਂਡ ਦੇ ਫਿੰਚਲੇ ਇਲਾਕੇ ਵਿੱਚ ਇੱਕ ਘਰ ਅੰਦਰੋਂ ਗੋਲੀਆਂ ਚੱਲਣ ਦੀ ਘਟਨਾ ਮਗਰੋਂ 19 ਸਾਲਾ ਨੌਜਵਾਨ ਲੜਕੀ ਦੀ ਮੌਤ ਹੋ ਗਈ, ਜਿਸ ਤੋਂ ਬਾਅਦ ਮੈਟਰੋਪੋਲੀਟਨ ਪੁਲਿਸ ਨੇ ਕਤਲ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਪੁਲਿਸ ਅਨੁਸਾਰ ਸੋਮਵਾਰ ਕਰੀਬ 12:15 ਵਜੇ ਐਂਬੂਲੈਂਸ ਸੇਵਾ ਵੱਲੋਂ ਡੇਲ ਗਰੋਵ, ਫਿੰਚਲੇ ਸਥਿਤ ਇੱਕ ਰਿਹਾਇਸ਼ੀ ਘਰ ਵਿੱਚ ਵਾਪਰੀ ਘਟਨਾ ਸਬੰਧੀ ਸੂਚਨਾ ਦਿੱਤੀ ਗਈ। ਮੌਕੇ 'ਤੇ ਪਹੁੰਚੇ ਐਮਰਜੈਂਸੀ ਕਰਮਚਾਰੀਆਂ ਨੇ ਲੜਕੀ ਦੀ ਜਾਨ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ, ਪਰ ਉਸ ਨੂੰ ਘਟਨਾ ਸਥਾਨ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।

ਮ੍ਰਿਤਕਾ ਦੀ ਪਛਾਣ ਹਾਲੇ ਜਨਤਕ ਨਹੀਂ ਕੀਤੀ ਗਈ ਹੈ, ਹਾਲਾਂਕਿ ਪੁਲਿਸ ਵੱਲੋਂ ਉਸ ਦੇ ਪਰਿਵਾਰ ਨੂੰ ਸੂਚਿਤ ਕਰ ਦਿੱਤਾ ਗਿਆ ਹੈ ਅਤੇ ਪਰਿਵਾਰਕ ਮੈਂਬਰਾਂ ਨੂੰ ਵਿਸ਼ੇਸ਼ ਸਹਾਇਤਾ ਮੁਹੱਈਆ ਕਰਵਾਈ ਜਾ ਰਹੀ ਹੈ। ਮੌਤ ਦੇ ਸਹੀ ਕਾਰਨਾਂ ਦਾ ਪਤਾ ਲਗਾਉਣ ਲਈ ਪੋਸਟਮਾਰਟਮ ਕਰਵਾਇਆ ਜਾਵੇਗਾ।

ਮਾਮਲੇ ਦੀ ਜਾਂਚ ਕਰ ਰਹੇ ਡਿਟੈਕਟਿਵ ਚੀਫ਼ ਇੰਸਪੈਕਟਰ ਅੱਲਮ ਭੰਗੂ ਨੇ ਕਿਹਾ ਕਿ ਇਸ ਦੁਖਦਾਈ ਘਟਨਾ ਕਾਰਨ ਪਰਿਵਾਰ ਅਤੇ ਸਥਾਨਕ ਭਾਈਚਾਰਾ ਗਹਿਰੇ ਸਦਮੇ ਵਿੱਚ ਹੈ। ਉਨ੍ਹਾਂ ਕਿਹਾ ਕਿ ਪੁਲਿਸ ਇਸ ਮਾਮਲੇ ਦੀ ਹਰ ਪੱਖੋਂ ਜਾਂਚ ਕਰ ਰਹੀ ਹੈ ਅਤੇ ਆਉਣ ਵਾਲੇ ਦਿਨਾਂ ਦੌਰਾਨ ਇਲਾਕੇ ਵਿੱਚ ਪੁਲਿਸ ਦੀ ਮੌਜੂਦਗੀ ਵਧਾਈ ਜਾਵੇਗੀ ਤਾਂ ਜੋ ਲੋਕਾਂ ਵਿੱਚ ਸੁਰੱਖਿਆ ਦਾ ਭਰੋਸਾ ਬਣਿਆ ਰਹੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਨੇ ਅੱਧੀ ਰਾਤ ਦੇ ਸਮੇਂ ਡੇਲ ਗਰੋਵ ਜਾਂ ਆਸ-ਪਾਸ ਦੇ ਇਲਾਕੇ ਵਿੱਚ ਕੋਈ ਸ਼ੱਕੀ ਗਤੀਵਿਧੀ ਦੇਖੀ ਹੋਵੇ ਜਾਂ ਉਨ੍ਹਾਂ ਕੋਲ ਡੋਰਬੈੱਲ ਕੈਮਰੇ ਜਾਂ ਡੈਸ਼ਕੈਮ ਦੀ ਕੋਈ ਵੀਡੀਓ ਹੋਵੇ ਤਾਂ ਉਹ ਪੁਲਿਸ ਨਾਲ ਸੰਪਰਕ ਕਰਨ। ਜਾਣਕਾਰੀ ਦੇਣ ਵਾਲੇ 101 ਨੰਬਰ 'ਤੇ ਸੰਪਰਕ ਕਰਕੇ ਰੈਫਰੈਂਸ ਨੰਬਰ 34/8JUN ਦਾ ਹਵਾਲਾ ਦੇ ਸਕਦੇ ਹਨ। ਗੁਪਤ ਤੌਰ 'ਤੇ ਜਾਣਕਾਰੀ ਦੇਣ ਲਈ ਕ੍ਰਾਈਮਸਟਾਪਰਜ਼ ਨਾਲ ਵੀ ਸੰਪਰਕ ਕੀਤਾ ਜਾ ਸਕਦਾ ਹੈ। ਘਟਨਾ ਤੋਂ ਬਾਅਦ ਇਲਾਕੇ ਵਿੱਚ ਦਹਿਸ਼ਤ ਅਤੇ ਚਿੰਤਾ ਦਾ ਮਾਹੌਲ ਹੈ। ਪੁਲਿਸ ਵੱਲੋਂ ਹਾਲੇ ਤੱਕ ਕਿਸੇ ਗ੍ਰਿਫ਼ਤਾਰੀ ਦੀ ਪੁਸ਼ਟੀ ਨਹੀਂ ਕੀਤੀ ਗਈ ਅਤੇ ਜਾਂਚ ਜਾਰੀ ਹੈ।

# ਪਟਿਆਲਾ ਵਿਖੇ ਬੇਰੁਜ਼ਗਾਰ ਲਾਈਨਮੈਨਾਂ 'ਤੇ ਹੋਇਆ ਲਾਠੀਚਾਰਜ ਅਤਿ ਨਿੰਦਣਯੋਗ : ਜਸਵਿੰਦਰ ਸਿੰਘ ਜੌਲੀ

## 'ਹਰੇ ਪੈਨ' ਨਾਲ ਨੌਕਰੀਆਂ ਦੇਣ ਦਾ ਦਾਅਵਾ ਕਰਨ ਵਾਲੀ ਸਰਕਾਰ ਹੁਣ ਡਾਂਗਾਂ ਨਾਲ ਕਰ ਰਹੀ ਹੈ ਸਵਾਗਤ

**ਹੁਸ਼ਿਆਰਪੁਰ 8 ਜੂਨ ( ਤਰਸੇਮ ਦੀਵਾਨਾ )** – ਆਪਣੇ ਹੱਕਾਂ ਅਤੇ ਰੁਜ਼ਗਾਰ ਦੀ ਮੰਗ ਨੂੰ ਲੈ ਕੇ ਪਟਿਆਲਾ ਵਿਖੇ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਬੇਰੁਜ਼ਗਾਰ ਅਪ੍ਰੈਂਟਿਸ ਲਾਈਨਮੈਨਾਂ 'ਤੇ ਪੰਜਾਬ ਪੁਲਿਸ ਵੱਲੋਂ ਕੀਤੇ ਗਏ ਅੰਨ੍ਹੇਵਾਹ ਅਤੇ ਬੇਰਹਿਮ ਲਾਠੀਚਾਰਜ ਦੀ ਯੂਨਾਈਟਿਡ ਅੰਬੇਡਕਰ ਸੈਨਾ ਪੰਜਾਬ ਦੇ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਜੌਲੀ ਨੇ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪਟਿਆਲਾ ਪੁਲਿਸ ਦੇ ਡੀ.ਐਸ.ਪੀ. ਸੰਜੀਵ ਸਿੰਗਲਾ ਅਤੇ ਉਨ੍ਹਾਂ ਦੇ ਮੁਲਾਜ਼ਮਾਂ ਵੱਲੋਂ ਬੇਰੁਜ਼ਗਾਰਾਂ ਨਾਲ ਪਸ਼ੂਆਂ ਤੋਂ ਵੀ ਭੈੜਾ ਸਲੂਕ ਕੀਤਾ ਗਿਆ ਹੈ, ਜਿਸ ਨੇ ਸੂਬੇ ਦੇ ਹਰ ਸੰਵੇਦਨਸ਼ੀਲ ਵਿਅਕਤੀ ਦੀ ਰੂਹ ਨੂੰ ਕੰਬਣੀ ਛੇੜ ਦਿੱਤੀ ਹੈ।

**ਪੁਲਿਸ ਅਫ਼ਸਰਾਂ ਅਤੇ ਪ੍ਰਸ਼ਾਸਨ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਮੰਗ**

ਜਸਵਿੰਦਰ ਸਿੰਘ ਜੌਲੀ ਨੇ ਲਾਈਨਮੈਨਾਂ ਦੇ ਦਰਦ ਨੂੰ ਸਮਝਦਿਆਂ ਇਨਸਾਫ਼ ਪਸੰਦ ਵਕੀਲਾਂ ਨੂੰ ਸਨਿਮਰ ਬੇਨਤੀ ਕੀਤੀ ਹੈ ਕਿ ਉਹ ਅੱਗੇ ਆਉਣ ਅਤੇ ਵਕੀਲਾਂ ਦਾ ਇੱਕ ਵਿਸ਼ੇਸ਼ ਪੈਨਲ ਤਿਆਰ ਕਰਨ। ਉਨ੍ਹਾਂ ਮੰਗ ਕੀਤੀ ਕਿ ਐਸ.ਐਸ.ਪੀ. ਪਟਿਆਲਾ, ਡੀ.ਐਸ.ਪੀ. ਸੰਜੀਵ ਸਿੰਗਲਾ, ਅਤੇ ਐਸ.ਡੀ.ਐਮ. ਪਟਿਆਲਾ ਦੇ ਖ਼ਿਲਾਫ਼ ਮਾਨਯੋਗ ਹਾਈਕੋਰਟ ਅਤੇ ਹਿਊਮਨ ਰਾਈਟਸ ਕਮਿਸ਼ਨ (ਮਾਨਵ ਅਧਿਕਾਰ ਕਮਿਸ਼ਨ) ਵਿੱਚ 'ਬਾਈ ਨੇਮ' (ਨਾਮਜ਼ਦ ਕਰਕੇ) ਕੇਸ ਦਰਜ ਕੀਤੇ ਜਾਣ।

ਡੀ.ਐਸ.ਪੀ. ਸਿੰਗਲਾ ਦੀ ਗੁੰਡਾਗਰਦੀ ਦਾ ਪਰਦਾਫਾਸ਼

ਖ਼ਬਰ ਦਾ ਖੁਲਾਸਾ ਕਰਦਿਆਂ ਜੌਲੀ ਨੇ ਦੱਸਿਆ ਕਿ ਲਾਠੀਚਾਰਜ ਦੌਰਾਨ ਇੱਕ ਪੁਲਿਸ ਮੁਲਾਜ਼ਮ ਨੇ ਇੱਕ ਨੌਜਵਾਨ ਦਾ ਮੋਬਾਈਲ ਫੋਨ ਖੋਹ ਲਿਆ ਸੀ। ਜਦੋਂ ਉਸ ਵਿਅਕਤੀ ਨੇ ਆਪਣਾ ਫੋਨ ਵਾਪਸ ਮੰਗਿਆ, ਤਾਂ ਡੀ.ਐਸ.ਪੀ. ਸੰਜੀਵ ਸਿੰਗਲਾ ਨੇ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਏ ਉਸ ਨੂੰ ਕੋਹ-ਕੋਹ ਕੇ ਲਾਠੀਆਂ ਨਾਲ ਬੁਰੀ ਤਰ੍ਹਾਂ ਕੁੱਟਿਆ, ਜੋ ਕਿ ਸਰਾਸਰ ਮਨੁੱਖੀ ਅਧਿਕਾਰਾਂ ਦਾ ਘਾਣ ਹੈ।



**ਮੁੱਖ ਮੰਤਰੀ ਭਗਵੰਤ ਮਾਨ ਦੀ ਚੁੱਪ 'ਤੇ ਚੁੱਕੇ ਸਵਾਲ**

ਯੂਨਾਈਟਿਡ ਅੰਬੇਡਕਰ ਸੈਨਾ ਦੇ ਪ੍ਰਧਾਨ ਨੇ ਇਸ ਵਹਿਸ਼ੀਆਨਾ ਕਾਰੇ 'ਤੇ ਮੁੱਖ ਮੰਤਰੀ ਪੰਜਾਬ ਦੀ ਚੁੱਪੀ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। **ਉਨ੍ਹਾਂ ਕਿਹਾ:** "ਮੁੱਖ ਮੰਤਰੀ ਪੰਜਾਬ ਦੀ ਚੁੱਪ ਵੱਡੇ ਸ਼ੱਕ ਦੇ ਘੇਰੇ ਵਿੱਚ ਹੈ। ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਮੁੱਖ ਮੰਤਰੀ ਨੇ ਖੁਦ ਆਰਡਰ ਦੇ ਕੇ ਇਹ ਲਾਠੀਚਾਰਜ ਕਰਵਾਇਆ ਹੋਵੇ।"

ਉਨ੍ਹਾਂ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਚੋਣਾਂ ਵੇਲੇ ਕੀਤੇ ਵਾਅਦੇ ਯਾਦ ਕਰਵਾਉਂਦਿਆਂ ਕਿਹਾ ਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਭਗਵੰਤ ਮਾਨ ਵੱਡੇ-ਵੱਡੇ ਦਾਅਵੇ ਕਰਦੇ ਸਨ ਕਿ ਸਾਡੀ ਸਰਕਾਰ ਆਉਣ 'ਤੇ ਕਿਸੇ ਨੂੰ ਧਰਨੇ ਨਹੀਂ ਲਾਉਣੇ ਪੈਣਗੇ, ਕੋਈ ਐਜੀਟੇਸ਼ਨ ਨਹੀਂ ਹੋਵੇਗੀ ਅਤੇ 'ਹਰਾ ਪੈਨ' ਆਉਂਦਿਆਂ ਹੀ ਨੌਕਰੀਆਂ ਦੀ ਬੌਛਾਰ ਕਰ ਦਿੱਤੀ ਜਾਵੇਗੀ। ਪਰ ਅੱਜ ਸਭ ਕੁਝ ਇਸ ਦੇ ਉਲਟ ਹੋ ਰਿਹਾ ਹੈ। ਹਰੇ ਪੈਨ ਦੀ ਜਗ੍ਹਾ ਬੇਰੁਜ਼ਗਾਰਾਂ ਨੂੰ ਪੁਲਿਸ ਦੀਆਂ ਲਾਠੀਆਂ ਮਿਲ ਰਹੀਆਂ ਹਨ।

**ਲਾਈਨਮੈਨਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ ਜਥੇਬੰਦੀ**

ਜਸਵਿੰਦਰ ਸਿੰਘ ਜੌਲੀ ਨੇ ਸਪੱਸ਼ਟ ਕੀਤਾ ਕਿ ਯੂਨਾਈਟਿਡ ਅੰਬੇਡਕਰ ਸੈਨਾ ਪੰਜਾਬ ਪੂਰੀ ਤਰ੍ਹਾਂ ਨਾਲ ਬੇਰੁਜ਼ਗਾਰ ਲਾਈਨਮੈਨਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ ਅਤੇ ਜਦੋਂ ਤੱਕ ਇਨ੍ਹਾਂ ਪੀੜਤ ਨੌਜਵਾਨਾਂ ਨੂੰ ਇਨਸਾਫ਼ ਨਹੀਂ ਮਿਲਦਾ ਅਤੇ ਨਜਾਇਜ਼ ਲਾਠੀ ਚਾਰਜ ਕਰਨ ਵਾਲੇ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਨਹੀਂ ਹੁੰਦੀ, ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ।

# ਅੱਜ ਪੰਜਾਬ ਸਰਕਾਰ ਪੈਨਸ਼ਨਰਜ਼ ਜੁਆਇੰਟ ਫਰੰਟ ਦੇ ਆਗੂਆਂ ਨੇ ਮੁਲਾਕਾਤ ਡਾ ਨਛੱਤਰ ਪਾਲ ਐਮ ਐਲ ਏ ਨਾਲ ਕੀਤੀ



**ਨਵਾਂਸ਼ਹਿਰ( ਚਰਨਜੀਤ ਸੱਲ੍ਹਾ )** ਅੱਜ ਪੰਜਾਬ ਸਰਕਾਰ ਪੈਨਸ਼ਨਰਜ਼ ਜੁਆਇੰਟ ਫਰੰਟ ਦੇ ਆਗੂਆਂ ਵੱਲੋਂ ਮੈਨੂੰ ਪੈਨਸ਼ਨਰ ਭਾਈਚਾਰੇ ਦੀਆਂ ਵੱਖ-ਵੱਖ ਮੰਗਾਂ ਸਬੰਧੀ ਇੱਕ ਮੰਗ ਪੱਤਰ ਸੌਂਪਿਆ ਗਿਆ।

ਮੰਗ ਪੱਤਰ ਰਾਹੀਂ 01-01-2016 ਤੋਂ ਬਕਾਇਆ ਮਹਿੰਗਾਈ ਭੱਤੇ (DA) ਦੇ ਲਾਭ, ਪੈਨਸ਼ਨ ਦੀ ਨੋਸ਼ਨਲ ਫਿਕਸੇਸ਼ਨ ਨਾਲ ਜੁੜੇ ਮਸਲਿਆਂ ਦੇ ਹੱਲ ਅਤੇ ਵੱਧ ਉਮਰ ਦੇ ਪੈਨਸ਼ਨਰਾਂ ਨੂੰ ਬਣਦੇ ਵਾਧੂ ਪੈਨਸ਼ਨ ਲਾਭ ਜਲਦ ਜਾਰੀ ਕਰਨ ਦੀ ਮੰਗ ਰੱਖੀ ਗਈ। ਇਹ ਮੰਗਾਂ ਸਬੰਧੀ ਇੱਕ ਮੰਗ ਪੱਤਰ ਡਾ ਨਛੱਤਰ ਪਾਲ ਐਮ ਐਲ ਏ ਨਵਾਂਸ਼ਹਿਰ ਨੂੰ ਸੋਪਿਆ ਗਿਆ ਅਤੇ ਮੁਲਾਕਾਤ ਵੀ ਕੀਤੀ ਗਈ ਡਾ ਨਛੱਤਰ ਪਾਲ ਐਮ ਐਲ ਏ ਨਵਾਂਸ਼ਹਿਰ ਨੇ ਉਨ੍ਹਾਂ ਦੀਆਂ ਮੰਗਾਂ ਨੂੰ ਬਹੁਤ ਧਿਆਨ ਨਾਲ ਸੁਣਿਆ ਅਤੇ ਸਰਕਾਰ ਕੋਲ ਮੰਗ ਉਠਾਣ ਲਈ ਕਿਹਾ ਗਿਆ। ਮੈਂ ਪੈਨਸ਼ਨਰ ਭਾਈਚਾਰੇ ਦੀਆਂ ਗੱਲਾਂ ਧਿਆਨ ਨਾਲ ਸੁਣੀਆਂ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਪੰਜਾਬ ਸਰਕਾਰ ਦੇ ਧਿਆਨ ਵਿੱਚ ਲਿਆ ਕੇ ਯੋਗ ਕਾਰਵਾਈ ਲਈ ਪੂਰਾ ਯਤਨ ਕੀਤਾ ਜਾਵੇਗਾ। ਸਾਡੀ ਸਰਕਾਰ ਆਪਣੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀ ਭਲਾਈ ਲਈ ਹਮੇਸ਼ਾ ਵਚਨਬੱਧ ਹੈ।



# 'ਰੋਹਲੇ ਬਾਣ' ਦੀਆਂ ਕਵਿਤਾਵਾਂ ਰਾਹੀਂ ਕਿਰਤੀਆਂ ਨੂੰ ਆਪਣੇ ਹੱਕਾਂ ਲਈ ਜੂਝਣ ਦਾ ਹੋਕਾ -ਇੰਜੀ. ਜਸਵੀਰ ਮੋਰੋਂ



**ਬੰਗਾ 8 ਜੂਨ (ਚਰਨਜੀਤ ਸ ੱਲ੍ਹਾ )**ਅਦਾਰਾ ਪਾਠਕ ਸ ੱਥ ਨਵਾਂਸ਼ਹਿਰ ਵਲੋਂ ਪਰਮਜੀਤ ਕਰਿਆਮ ਦੀ ਕਾਵਿ ਪੁਸਤਕ 'ਰੋਹਲੇ ਬਾਣ' ਤੇ ਬਰਾਦਰੀ ਬਾਗ ਵਿਖੇ ਲਾਇਬ੍ਰੇਰੀ ਵਿ ੱਚ ਵਿਚਾਰ ਚਰਚਾ ਕੀਤੀ ਗਈ । ਦੂਜੇ ਸੈਸ਼ਨ ਵਿਚ ਦੁਆਬੀ ਬੋਲੀ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ । ਸਮਾਗਮ ਦੀ ਸ਼ੁਰੂਆਤ ਵੇਲੇ ਪ ੱਤਰਕਾਰ ਲੇਖਕ, ਚਿੰਤਕ, ਸਮਾਜ ਸੇਵੀ ਸਵਰਨ ਸਿੰਘ ਭੰਗੂ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ।ਜਰਨੈਲ ਸਿੰਘ ਜਾਫ਼ਰਪੁਰ ਨੇ ' ਰੋਹਲੇ ਬਾਣ' ਵਿਚਲੀ ਕਵਿਤਾ ਬਾਰੇ ਕਿਹਾ ਕਿ ਇਹ ਕਿਰਤੀ ਲੋਕਾਂ ਦੀ ਕਵਿਤਾ ਹੈ । ਅਜੋਕਾ ਪੂੰਜੀਵਾਦੀ ਪ੍ਰਬੰਧ ਆਪਣਾ ਅਗਾਂਹਵਧੂ ਰੋਲ ਨਿਭਾ ਚੁ ੱਕਾ ਹੈ । ਪਰ ਜਿੰਨੇ ਵਿਗਾੜ ਹੁਣ ਇਸ ਪ੍ਰਬੰਧ ਵਿਚ ਆ ਗਏ ਹਨ,ਉਹ ਮਨੁ ੱਖਤਾ ਨੂੰ ਵਿਨਾਸ਼ ਵ ੱਲ ਲੈ ਕੇ ਜਾ ਰਹੇ ਹਨ । ਸਾਰੀਆਂ ਕਵਿਤਾਵਾਂ ਅਗਾਂਹਵਧੂ ਵਿਚਾਰਾਂ ਵਾਲੀਆਂ ਹਨ। ਇੰਜੀਨੀਅਰ ਜਸਵੀਰ ਸਿੰਘ ਮੋਰੋਂ ਨੇ ਕਿਤਾਬ 'ਰੋਹਲੇ ਬਾਣ ' ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਇਸ ਵਿ ੱਚ ਕਿਰਤੀ ਵਰਗ ਦੇ ਜੀਵਨ ਵਿ ੱਚ ਆਉ ਂਦੀਆਂ ਤੰਗੀਆਂ ਤੁਰਸ਼ੀਆਂ ਦਾ ਵਰਨਣ ਕੀਤਾ ਹੈ । ਉਸ ਨੂੰ ਜ਼ਿੰਦਗੀ ਨੂੰ ਕ ੱਟਣ ਦੀ ਥਾਂ ਜੀਉਣ ਲਈ ਪ੍ਰੇਰਿਤ ਕੀਤਾ ਗਿਆ ਹੈ ਅਤੇ ਕਿਰਤ ਦੀ ਲੁ ੱਟ ਦੇ ਖਿਲਾਫ਼ ਲੜ੍ਹਨ, ਖੜ੍ਹਨ ਦਾ ਜ਼ਜਬਾ ਸ਼ਬਦਾਂ ਰਾਹੀਂ ਭਰਨ ਦਾ ਯਤਨ ਹੈ । ਸਮਾਜਿਕ ਵਿਤਕਰਿਆਂ ਵਿਰੁ ੱਧ ਵਿਦਰੋਹ, ਆਜ਼ਾਦੀ ਤੇ ਸਵਾਲ, ਔਰਤ ਦੀ ਹਾਲਤ,ਸਿਆਸਤ, ਚੋਣਾਂ, ਕਿਸਾਨੀ ਦੀ ਹਾਲਤ, ਰ ੱਬ ਦੀ ਰਹਿਮਤ,ਬਾਲ ਮਜ਼ਦੂਰੀ ਵਰਗੇ ਵਿਸ਼ਿਆਂ ਤੇ ਆਪਣੇ ਵਿਚਾਰ ਰਚਨਾਵਾਂ ਵਿ ੱਚ ਬਾਖੂਬੀ ਪੇਸ਼ ਕੀਤੇ ਹਨ । ਮੌਜੂਦਾ ਮਾੜੇ ਪ੍ਰਬੰਧ ਨੂੰ ਬਦਲਣ ਵਾਸਤੇ ਕਿਰਤੀਆਂ ਨੂੰ ਝੂਜਣ ਦਾ ਹੋਕਾ ਦਿ ੱਤਾ ਗਿਆ ਹੈ । ਇਸ ਲਿਖਤ ਰਾਹੀਂ ਅਲੋਪ ਹੋ ਰਹੇ ਕਈ ਸ਼ਬਦ ਵੀ ਸਾਂਭੇ ਗਏ ਹਨ । ਸੰਦੀਪ ਨਈਅਰ ਨੇ ਚਰਚਾ ਨੂੰ ਅਗਾਂਹ ਤੋਰਦਿਆਂ ਕਿਹਾ ਲੇਖਕ ਕਿਰਤ ਨਾਲ ਖੁਦ ਜੁੜਿਆ ਹੋਇਆ ਹੈ ।ਇਸ ਲਈ ਉਸਦਾ ਪ੍ਰਭਾਵ ਕਵਿਤਾ ਵਿਚ ਵੀ ਝਲਕਦਾ ਹੈ ।ਪਰਮਜੀਤ ਕਰਿਆਮ ਦੀ ਕਵਿਤਾ ਪਾਸ਼ ਤੋਂ ਬਹੁਤ ਪ੍ਰਭਾਵਿਤ ਹੈ ਪਰ ਇਹਦੀਆਂ ਬਹੁਤੀਆਂ ਕਵਿਤਾਵਾਂ ਮੌਲਿਕ ਹਨ । ਰਾਜਿੰਦਰ ਸੈਣੀ ਵਲੋਂ ਕਿਹਾ ਗਿਆ ਕਿ ਕਵਿਤਾ ਲਿਖਣੀ ਇਕ ਬੱਚੇ ਨੂੰ ਜਨਮ ਦੇਣ ਵਾਂਗ ਹੈ । ਰਾਜਿੰਦਰ ਸਿੰਘ ਜੀ ਨੇ ਕਿਹਾ ਉਹਨਾਂ ਦਾ ਪਾਠਕ ਸੱਥ ਵਿਚ ਆਉਣ ਦਾ ਪਹਿਲਾ ਤਜ਼ਰਬਾ ਹੈ । ਲਾਇਬ੍ਰੇਰੀ ਇੰਚਾਰਜ ਮੈਡਮ ਅਨੂਪ ਰਾਣਾ ਜੀ ਵਲੋਂ ਪਾਠਕਾਂ ਨੂੰ ਵੱਧ ਤੋਂ ਵੱਧ ਕਿਤਾਬਾਂ ਪੜ੍ਹਨ ਲਈ ਉਤਸਾਹਿਤ ਕੀਤਾ ।ਪਰਮਜੀਤ ਕਰਿਆਮ ਨੇ ਪਾਠਕ ਸੱਥ ਵੱਲੋਂ ਕਿਤਾਬਾਂ ਤੇ ਚਰਚਾ ਦੇ ਚਲਾਏ ਜਾ ਰਹੇ ਨਿਰੰਤਰ ਕਾਰਜ ਲਈ ਸ਼ਲਾਘਾ ਕੀਤੀ ਅਤੇ ਉਸਦੀ ਕਿਤਾਬ ਤੇ ਚਰਚਾ ਲਈ ਸਭਨਾਂ ਦਾ ਧੰਨਵਾਦ ਕੀਤਾ ।

# ਰਸੋਈ ਗੈਸ ਦੀਆਂ ਕੀਮਤਾਂ 'ਚ ਵਾਧਾ ਗਰੀਬ ਅਤੇ ਮੱਧ ਵਰਗ ਦੇ ਪੇਟ 'ਤੇ ਲੱਤ: ਡਾਕਟਰ ਅਵਤਾਰ ਸਿੰਘ ਕਰੀਮਪੁਰੀ

**●ਪੈਟਰੋਲ-ਡੀਜ਼ਲ ਤੋਂ ਬਾਅਦ ਹੁਣ ਰਸੋਈ ਗੈਸ ਮਹਿੰਗੀ ਕਰਕੇ ਜਨਤਾ 'ਤੇ ਪਾਇਆ ਹੋਰ ਆਰਥਿਕ ਬੋਝ। ●ਬਸਪਾ ਦੀ 'ਪੰਜਾਬ ਸੰਭਾਲੋ ਮੁਹਿੰਮ' ਤਹਿਤ ਕੇਂਦਰ ਅਤੇ ਰਾਜ ਸਰਕਾਰ ਦੀਆਂ ਜਨਤਾ ਵਿਰੋਧੀ ਨੀਤੀਆਂ 'ਤੇ ਚਰਚਾ ਜਾਰੀ।**

**ਚੰਡੀਗੜ੍ਹ/ਪੰਜਾਬ (ਚਰਨਜੀਤ ਸੱਲ੍ਹਾ )** ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸੀਨੀਅਰ ਆਗੂ ਅਤੇ ਸਾਬਕਾ ਰਾਜ ਸਭਾ ਮੈਂਬਰ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਰਸੋਈ ਗੈਸ (ਐਲ.ਪੀ.ਜੀ.) ਦੇ ਰੇਟਾਂ ਵਿੱਚ 29 ਰੁਪਏ ਪ੍ਰਤੀ ਸਿਲੰਡਰ ਕੀਤੇ ਗਏ ਵਾਧੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਵੱਲੋਂ ਆਮ ਲੋਕਾਂ ਨੂੰ ਰਾਹਤ ਦੇਣ ਦੀ ਬਜਾਏ ਲਗਾਤਾਰ ਉਨ੍ਹਾਂ ਦੀਆਂ ਜੇਬਾਂ 'ਤੇ ਡਾਕੇ ਮਾਰ ਕੇ ਮਹਿੰਗਾਈ ਦਾ ਬੋਝ ਵਧਾਇਆ ਜਾ ਰਿਹਾ ਹੈ।



ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਡਾਕਟਰ ਕਰੀਮਪੁਰੀ ਨੇ ਕਿਹਾ ਕਿ ਜਨਤਾ ਪਹਿਲਾਂ ਹੀ ਪੈਟਰੋਲ ਅਤੇ ਡੀਜ਼ਲ ਦੀਆਂ ਲਗਾਤਾਰ ਵਧਾਈਆਂ ਗਈਆਂ ਕੀਮਤਾਂ ਕਾਰਨ ਬੁਰੀ ਤਰ੍ਹਾਂ ਪਿਸ ਰਹੀ ਹੈ। ਤੇਲ ਦੀਆਂ ਕੀਮਤਾਂ ਵਧਣ ਨਾਲ ਹਰ ਚੀਜ਼ ਪਹਿਲਾਂ ਹੀ ਮਹਿੰਗੀ ਹੋ ਚੁੱਕੀ ਹੈ ਅਤੇ ਹੁਣ ਉੱਪਰੋਂ ਰਸੋਈ ਗੈਸ ਸਿਲੰਡਰ ਵਿੱਚ 29 ਰੁਪਏ ਦਾ ਹੋਰ ਵਾਧਾ ਕਰਕੇ ਗਰੀਬ ਅਤੇ ਮੱਧ ਵਰਗ ਦੇ ਘਰਾਂ ਦਾ ਬਜਟ ਪੂਰੀ ਤਰ੍ਹਾਂ ਤਹਿਸ-ਨਹਿਸ ਕਰ ਦਿੱਤਾ ਗਿਆ ਹੈ। ਇਹ ਤਾਜ਼ਾ ਵਾਧਾ ਜਨਤਾ ਉੱਪਰ ਮਹਿੰਗਾਈ ਦੀ ਇੱਕ ਹੋਰ ਅਜਿਹੀ ਮਾਰ ਹੈ, ਜਿਸ ਨੇ ਆਮ ਲੋਕਾਂ ਦਾ ਜਿਊਣਾ ਮੁਹਾਲ ਕਰ ਦਿੱਤਾ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਬਹੁਜਨ ਸਮਾਜ ਪਾਰਟੀ ਵੱਲੋਂ ਸੂਬੇ ਭਰ ਵਿੱਚ ਚਲਾਈ ਜਾ ਰਹੀ 'ਪੰਜਾਬ ਸੰਭਾਲੋ ਮੁਹਿੰਮ' ਦੌਰਾਨ ਪਿੰਡ-ਪਿੰਡ ਅਤੇ ਸ਼ਹਿਰ-ਸ਼ਹਿਰ ਜਾ ਕੇ ਲੋਕਾਂ ਨਾਲ ਇਹਨਾਂ ਗੰਭੀਰ ਮੁੱਦਿਆਂ 'ਤੇ ਲਗਾਤਾਰ ਚਰਚਾ ਕੀਤੀ ਜਾ ਰਹੀ ਹੈ। ਇਸ ਮੁਹਿੰਮ ਦੌਰਾਨ ਇਹ ਗੱਲ ਸਾਹਮਣੇ ਆ ਰਹੀ ਹੈ ਕਿ ਜਨਤਾ ਸਰਕਾਰਾਂ ਦੀਆਂ ਇਹਨਾਂ ਲੋਕ-ਵਿਰੋਧੀ ਨੀਤੀਆਂ ਤੋਂ ਬੇਹੱਦ ਦੁਖੀ ਹੈ।

ਡਾਕਟਰ ਕਰੀਮਪੁਰੀ ਨੇ ਪੁਰ-ਜ਼ੋਰ ਮੰਗ ਕੀਤੀ ਕਿ ਜਨਤਾ ਦੀ ਆਰਥਿਕ ਹਾਲਤ ਅਤੇ ਮੌਜੂਦਾ ਮਹਿੰਗਾਈ ਦੇ ਦੌਰ ਨੂੰ ਧਿਆਨ ਵਿੱਚ ਰੱਖਦੇ ਹੋਏ, ਸਰਕਾਰ ਰਸੋਈ ਗੈਸ ਦੀਆਂ ਵਧੀਆਂ ਹੋਈਆਂ ਕੀਮਤਾਂ ਨੂੰ ਤੁਰੰਤ ਵਾਪਸ ਲਵੇ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਸ ਬੇਲੋੜੇ ਬੋਝ ਨੂੰ ਹਟਾ ਕੇ ਜਨਤਾ ਨੂੰ ਤੁਰੰਤ ਰਾਹਤ ਦੇਣੀ ਚਾਹੀਦੀ ਹੈ।

# ਪੈਨਸ਼ਨ ਐਸੋਸੀਏਸ਼ਨ ਅਤੇ ਬਿਜਲੀ ਮੁਲਾਜਮ ਸੰਘਰਸ਼ਸੀਲ ਮੋਰਚੇ ਵਲੋਂ ਪਟਿਆਲਾ ਵਿਖੇ ਕੀਤੇ ਗਏ ਲਾਠੀ ਚਾਰਜ ਦੀ ਕੀਤੀ ਨਿਖੇਧੀ:- ਅਜੀਤ ਰਾਮ,ਹਰਜਿੰਦਰ ਕੁਮਾਰ



**ਬੰਗਾ( ਚਰਨਜੀਤ ਸੱਲ੍ਹਾ )** ਅੱਜ ਮਿਤੀ 08-06-2026 ਨੂੰ ਪੈਨਸ਼ਨ ਐਸੋਸੀਏਸ਼ਨ ਮੰਡਲ ਬੰਗਾ ਦੀ ਕਮੇਟੀ ਦੀ ਮੀਟਿੰਗ ਕੀਤੀ ਗਈ ਜਿਸ ਦੀ ਪ੍ਰਧਾਨਗੀ ਸ੍ਰੀ ਅਜੀਤ ਰਾਮ ਵੱਲੋਂ ਕੀਤੀ ਗਈ ਜਿਸ ਵਿੱਚ ਬੁਲਾਰੇ ਸਾਥੀਆਂ ਨੇ ਬੋਲਦੇ ਹੋਏ ਪਟਿਆਲਾ ਵਿਖੇ 2600 ਅਪਰੈਂਟਸ ਲਾਈਨਮੈਨ ਆਪਣੀਆਂ ਹੱਕੀ ਮੰਗਾਂ ਲਈ ਧਰਨਾ ਪ੍ਰਦਰਸ਼ਨ ਕਰ ਰਹੇ ਸਨ ਉੱਤੇ ਪੰਜਾਬ ਪੁਲਿਸ ਵੱਲੋਂ ਸਰਕਾਰ ਦੇ ਇਸ਼ਾਰੇ ਤੇ ਬਹਿਸਿਆਨਾ ਲਾਠੀ ਚਾਰਜ ਕੀਤਾ ਗਿਆ ਜਿਸ ਦੀ ਸਖਤ ਸ਼ਬਦਾਂ ਵਿੱਚ ਸਾਰੇ ਬੁਲਾਰਿਆਂ ਵੱਲੋਂ ਨਿਖੇਧੀ ਕੀਤੀ ਗਈ ਮੀਟਿੰਗ ਦਾ ਸਮੁੱਚਾ ਹਾਊਸ ਮੰਗ ਕਰਦਾ ਹੈ ਕਿ ਦੋਸ਼ੀਆਂ ਉੱਤੇ ਬਣਦੀ ਕਾਰਵਾਈ ਕੀਤੀ ਜਾਵੇ ਤੇ ਅਪਰੈਂਟਸ ਲਾਈਨ ਮੈਨਾਂ ਨੂੰ ਉਹਨਾਂ ਦੀ ਬਣਦੀ ਨੌਕਰੀ ਦਿੱਤੀ ਜਾਵੇ ਤਾਂ ਕਿ ਬੇਰੁਜ਼ਗਾਰੀ ਖਤਮ ਕੀਤੀ ਜਾ ਸਕੇ ਪੰਜਾਬ ਸਰਕਾਰ ਸੱਤਾ ਚ ਆਉਣ ਤੋਂ ਪਹਿਲਾਂ ਇਹ ਧਰਨਿਆਂ ਵਿੱਚ ਆ ਕੇ ਕਹਿੰਦੀ ਸੀ ਕਿ ਕਿਸੇ ਵੀ ਕਰਮਚਾਰੀ ਨੂੰ ਧਰਨਾ ਮੁਜ਼ਾਰਾ ਕਰਨਾ ਨਹੀਂ ਪਵੇਗਾ ਅਸੀਂ ਸਾਰਿਆਂ ਦੀਆਂ ਮੰਗਾਂ ਪੂਰੀਆਂ ਕਰਾਂਗੇ ਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਨੌਕਰੀਆਂ ਦਵਾਂਗੇ ਅੱਜ ਇੱਥੇ ਨੌਕਰੀ ਮੰਗ ਰਹੇ ਨੌਜਵਾਨਾਂ ਉੱਤੇ ਲਾਠੀ ਚਾਰਜ ਕਰਵਾ ਕੇ ਆਪਣੀ ਸਮਝ ਦਾ ਸਬੂਤ ਸਰਕਾਰ ਨੇ ਦੇ ਦਿੱਤਾ ਹੈ।ਪੰਜਾਬ ਸਰਕਾਰ ਮੁਲਾਜ਼ਮ ਅਤੇ ਪੈਨਸ਼ਨਾਂ ਦਾ ਬਣਦਾ 18% ਡੀਏ ਦੇਣ ਦੇ ਮਾਮਲੇ ਵਿੱਚ ਹਾਈ ਕੋਰਟ ਵਿੱਚ ਐਲਪੀਏ ਪਾ ਕੇ ਮੁਲਾਜ਼ਮ ਵਿਰੋਧੀ ਕਾਰਵਾਈ ਕਰ ਰਹੀ ਹੈ ਜਿਹੜੀ ਕਿ ਮੁਲਾਜ਼ਮਾਂ ਤੇ ਪੈਨਸ਼ਰਾਂ ਨੂੰ ਉਹਨਾਂ ਦਾ ਵਣ ਦਾ ਡੀਏ ਨਹੀਂ ਦੇਣਾ ਚਾਹੁੰਦੀ ਦੂਸਰੇ ਪਾਸੇ ਆਪਣੇ ਮੰਤਰੀਆਂ ਤੇ ਐਮਐਲਏ ਦੀਆਂ ਤਨਖਾਹਾਂ ਵਧਾ ਲਈਆਂ ਗਈਆਂ ਹਨ ਅਤੇ ਉਹਨਾਂ ਦੇ ਅਲਾਉਂਸ ਵੀ ਵਧਾ ਦਿੱਤੇ ਗਏ ਹਨ ਜਨਤਾ ਦੇ ਟੈਕਸ ਦਾ ਪੈਸਾ ਆਪਣੀਆਂ ਮਸ਼ਹੂਰੀਆਂ ਵਿੱਚ ਵਰਤ ਕੇ ਉਹ ਪੈਸਾ ਖਰਾਬ ਕੀਤਾ ਜਾ ਰਿਹਾ ਹੈ। ਮੁਲਾਜ਼ਮਾਂ ਦਾ ਡੀਏ, ਛੇਵੇਂ ਪੇ ਸਕੇਲ ਦਾ ਏਰੀਅਰ ਦੇ ਦਿੱਤਾ ਜਾਵੇ। ਅਤੇ ਮੁਲਾਜ਼ਮ ਜੋ ਕੋਰਟ ਦੇ ਵਿੱਚ ਘੁੰਮ ਰਹੇ ਆ ਉਹਨਾਂ ਦੀ ਖੱਜਲ ਖੁਆਰੀ ਬਚ ਸਕੇਗੀ।ਜੇਕਰ ਸਰਕਾਰ / ਪਾਵਰਕੌਮ ਵਲੋਂ 2600 ਅਰੈਂਟਸ ਲਾਈਨਮੈਂਨਾਂ ਨੂੰ ਨੌਕਰੀ ਉੱਤੇ ਨਾ ਰੱਖਿਆ ਤਾਂ ਇਸ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ ਜਿਸ ਦੀ ਸਾਰੀ ਜਿੰਮੇਵਾਰੀ ਪੰਜਾਬ ਸਰਕਾਰ ਅਤੇ ਪਾਵਰਕੌਮ ਮੈਨੇਜਮੈਂਟ ਦੀ ਹੋਵੇਗੀ।


# ਸੇਵਾ ਹੀ ਸਿਮਰਨ – ਜੋਗਾ ਸਿੰਘ ਮਾਹਿਲ ਦੀ ਮਿਸਾਲ

**ਬੰਗਾ( ਚਰਨਜੀਤ ਸੱਲ੍ਹਾ )** ਧਰਤੀ ਤੇ ਮਨੁੱਖ ਦੀ ਵੱਡਿਆਈ ਉਸਦੇ ਨਾਮ, ਪੈਸੇ ਜਾਂ ਅਹੁਦੇ ਨਾਲ ਨਹੀਂ, ਸਗੋਂ ਉਸਦੀ ਸੇਵਾ ਨਾਲ ਤੋਲੀ ਜਾਂਦੀ ਐ। ਇੰਗਲੈਂਡ ਨਿਵਾਸੀ ਭਾਈ ਜੋਗਾ ਸਿੰਘ ਮਾਹਿਲ ਸਪੁੱਤਰ ਸਵਰਗੀ ਜਗੀਰ ਸਿੰਘ ਨੇ ਮਾਹਿਲ ਗਹਿਲਾ ਫੁੱਟਬਾਲ ਅਕੈਡਮੀ ਦੇ ਖਿਡਾਰੀ ਬੱਚਿਆਂ ਲਈ ਠੰਡੇ ਪਾਣੀ ਦੇ ਕੂਲਰ ਦੀ ਸੇਵਾ ਕਰਕੇ ਇਸ ਗੱਲ ਨੂੰ ਸੱਚ ਸਾਬਤ ਕਰ ਦਿੱਤਾ। ਗਰਮੀਆਂ ਵਿੱਚ ਮੈਦਾਨ 'ਚ ਖੇਡਦੇ ਬੱਚਿਆਂ ਲਈ ਠੰਡਾ ਪਾਣੀ ਅੰਮ੍ਰਿਤ ਤੋਂ ਘੱਟ ਨਹੀਂ ਹੁੰਦਾ। ਜੋਗਾ ਸਿੰਘ ਵੀਰ ਨੇ ਬਿਨਾਂ ਕਿਸੇ ਦਿਖਾਵੇ, ਬਿਨਾਂ ਨਾਮ ਦੀ ਖਾਤਰ, ਸਿਰਫ਼ ਬੱਚਿਆਂ ਦੀ ਭਲਾਈ ਸੋਚ ਕੇ ਇਹ ਸੇਵਾ ਕੀਤੀ। ਇਹੀ ਤਾਂ ਗੁਰਬਾਣੀ ਦਾ ਸੰਦੇਸ਼ ਐ।

ਗੁਰੂ ਸਾਹਿਬ ਫ਼ੁਰਮਾਉਂਦੇ ਨੇ:

*"ਪਉਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥

ਯਾਨੀ ਹਵਾ ਸਾਡਾ ਗੁਰੂ, ਪਾਣੀ ਸਾਡਾ ਪਿਤਾ ਤੇ ਧਰਤੀ ਸਾਡੀ ਮਾਤਾ



ਵਾਂਗ ਐ। ਪਾਣੀ ਨੂੰ ਪਿਤਾ ਦਾ ਦਰਜਾ ਦੇ ਕੇ ਗੁਰੂ ਸਾਹਿਬ ਨੇ ਦੱਸ ਦਿੱਤਾ ਕਿ ਇਹ ਕਿੰਨਾ ਕੀਮਤੀ ਐ। ਪਿਆਸੇ ਨੂੰ ਪਾਣੀ ਪਿਲਾਉਣਾ ਸਭ ਤੋਂ ਵੱਡੀ ਸੇਵਾ ਮੰਨੀ ਗਈ ਹੈ ।

ਅਰਥਾਤ ਪਾਣੀ ਤੋਂ ਬਿਨਾਂ ਕੋਈ ਵੀ ਜੀਵ ਜਿਉਂਦਾ ਨਹੀਂ ਰਹਿ ਸਕਦਾ। ਬੱਚੇ ਜਦ ਮੈਦਾਨ 'ਚ ਮਿਹਨਤ ਕਰਦੇ ਨੇ, ਉਨ੍ਹਾਂ ਦੀ ਪਿਆਸ ਬੁਝਾਉਣਾ ਯਾਨੀ ਉਨ੍ਹਾਂ ਦੀ ਜ਼ਿੰਦਗੀ ਦੀ ਸਾਂਭ ਕਰਨੀ।

ਅੱਜ ਦੇ ਸਮੇਂ ਵਿੱਚ ਲੋਕ ਵੱਡੇ-ਵੱਡੇ ਦਾਨ ਕਰਕੇ ਨਾਮ ਕਮਾਉਂਦੇ ਨੇ, ਪਰ ਜੋਗਾ ਸਿੰਘ ਵੀਰ ਨੇ ਛੋਟੀ ਪਰ ਬਹੁਤ ਜ਼ਰੂਰੀ ਸੇਵਾ ਚੁਣੀ। ਇਹ ਸਾਨੂੰ ਸਿਖਾਉਂਦੀ ਐ ਕਿ ਸੇਵਾ ਵੱਡੀ-ਛੋਟੀ ਨਹੀਂ ਹੁੰਦੀ, ਨੀਅਤ ਵੱਡੀ ਹੁੰਦੀ ਐ। ਗੁਰੂ ਸਾਹਿਬ ਨੇ ਵੀ ਲੰਗਰ ਦੀ ਸੇਵਾ ਤੋਂ ਸ਼ੁਰੂਆਤ ਕਰਵਾਈ ਸੀ - ਸਭ ਤੋਂ ਸਾਧਾਰਨ ਸੇਵਾ, ਪਰ ਸਭ ਤੋਂ ਵੱਡੀ।

ਮਾਹਿਲ ਗਹਿਲਾ ਦੇ ਇਹ ਬੱਚੇ ਜਦ ਕੱਲ੍ਹ ਵੱਡੇ ਖਿਡਾਰੀ ਬਣਨਗੇ, ਤਾਂ ਉਨ੍ਹਾਂ ਦੀ ਹਰ ਜਿੱਤ ਵਿੱਚ ਜੋਗਾ ਸਿੰਘ ਵੀਰ ਦੀ ਇਸ ਠੰਡੇ ਪਾਣੀ ਦੀ ਸੇਵਾ ਦਾ ਹਿੱਸਾ ਹੋਊ। ਕਿਉਂਕਿ "ਸੇਵਾ ਕਰਤ ਹੋਇ ਨਿਹਕਾਮੀ, ਤਿਸ ਕਉ ਹੋਤ ਪਰਾਪਤਿ ਸੁਆਮੀ" - ਜੋ ਨਿਰਸਵਾਰਥ ਸੇਵਾ ਕਰਦਾ ਐ, ਉਸਨੂੰ ਪ੍ਰਭੂ ਆਪ ਮਿਲਦਾ ਐ। ਪਰਮਾਤਮਾ ਜੋਗਾ ਸਿੰਘ ਵੀਰ ਨੂੰ ਚੜ੍ਹਦੀ ਕਲਾ ਬਖਸ਼ੇ ਤੇ ਸਾਨੂੰ ਵੀ ਅਜਿਹੀ ਨਿਰਸਵਾਰਥ ਸੇਵਾ ਕਰਨ ਦੀ ਪ੍ਰੇਰਨਾ ਦੇਵੇ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।

ਵੱਲੋ— ਮਾਹਿਲ ਗਹਿਲਾ ਫੁੱਟਬਾਲ ਅਕੈਡਮੀ ॥

# ਜਿੱਤ ਦੀ ਖ਼ੁਸ਼ੀ ਵਿੱਚ ਵਧਾਈਆਂ ਦਿੱਤੀਆਂ ਅਤੇ ਵਾਹਿਗੁਰੂ ਜੀ ਦਾ ਸ਼ੁਕਰਾਨਾ ਕੀਤਾ : ਡਾ ਨਛੱਤਰ ਪਾਲ ਐਮ ਐਲ ਏ

**ਨਵਾਂਸ਼ਹਿਰ (ਚਰਨਜੀਤ ਸੱਲ੍ਹਾ )** ਰਾਹੋਂ ਤੋਂ ਜੇਤੂ ਕੌਂਸਲਰ ਸ਼੍ਰੀਮਤੀ ਊਸ਼ਾ ਰਾਣੀ ਜੀ ਵੱਲੋਂ ਆਪਣੇ ਵਾਰਡ ਵਾਸੀਆਂ ਨਾਲ ਮਿਲ ਕੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬ ਜੀ ਦਾ ਸ਼ੁਕਰਾਨਾ ਅਦਾ ਕੀਤਾ ਗਿਆ ਅਤੇ ਵਾਰਡ ਵਾਸੀਆਂ ਦਾ ਦਿਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਤੇ ਹਰਮਨ ਪਿਆਰੇ ਨੇਤਾ ਡਾ ਨਛੱਤਰ ਪਾਲ ਐਮ ਐਲ ਏ ਨਵਾਂਸ਼ਹਿਰ ਵੀ ਹਾਜ਼ਰ ਹੋਏ ਉਨ੍ਹਾਂ ਨੇ ਜਿੱਤ ਦੀ ਖ਼ੁਸ਼ੀ ਵਿੱਚ ਵਧਾਈਆਂ









ਦਿੱਤੀਆਂ ਅਤੇ ਵਾਹਿਗੁਰੂ ਜੀ ਦਾ ਸ਼ੁਕਰਾਨਾ ਕੀਤਾ। ਸਮੂਹ ਵਾਰਡ ਨਿਵਾਸੀਆਂ ਵੱਲੋਂ ਮਿਲੇ ਪਿਆਰ, ਸਹਿਯੋਗ ਅਤੇ ਭਰੋਸੇ ਲਈ ਹਾਰਦਿਕ ਆਭਾਰ। ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਦਿਆਂ ਵਾਰਡ ਦੇ ਵਿਕਾਸ ਅਤੇ ਲੋਕ ਭਲਾਈ ਲਈ ਪੂਰੀ ਤਨਦੇਹੀ ਨਾਲ ਕੰਮ ਕੀਤਾ ਜਾਵੇਗਾ। ਇਸ ਮੌਕੇ ਤੇ ਬਸਪਾ ਵਰਕਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ ਪਾਬੰਦੀਆਂ ਦਾ ਐਲਾਨ ਅਗਲੇ ਹਫ਼ਤੇ ਸੰਭਵ

**ਲੈਸਟਰ (ਇੰਗਲੈਂਡ), 8 ਜੂਨ (ਸੁਖਜਿੰਦਰ ਸਿੰਘ ਢੱਡੇ)–** ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਵੱਲੋਂ ਬੱਚਿਆਂ ਦੀ ਸੋਸ਼ਲ ਮੀਡੀਆ ਤੱਕ ਪਹੁੰਚ ਨੂੰ ਸੀਮਤ ਕਰਨ ਲਈ ਮਹੱਤਵਪੂਰਨ ਅਤੇ ਸਖ਼ਤ ਕਦਮਾਂ ਦਾ ਐਲਾਨ ਅਗਲੇ ਹਫ਼ਤੇ ਕੀਤੇ ਜਾਣ ਦੀ ਸੰਭਾਵਨਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪ੍ਰਧਾਨ ਮੰਤਰੀ ਆਪਣੇ ਇੱਕ ਵਿਸ਼ੇਸ਼ ਭਾਸ਼ਣ ਦੌਰਾਨ ਨਵੀਂ ਨੀਤੀ ਦਾ ਖੁਲਾਸਾ ਕਰਨਗੇ, ਜਿਸ ਦਾ ਮੁੱਖ ਉਦੇਸ਼ ਬੱਚਿਆਂ ਨੂੰ ਆਨਲਾਈਨ ਨੁਕਸਾਨਦੇਹ ਸਮੱਗਰੀ ਅਤੇ ਸੋਸ਼ਲ ਮੀਡੀਆ ਦੇ ਮਾੜੇ ਪ੍ਰਭਾਵਾਂ ਤੋਂ ਬਚਾਉਣਾ ਹੋਵੇਗਾ।

ਸਰਕਾਰੀ ਮੰਤਰੀਆਂ ਅਤੇ ਅਧਿਕਾਰੀਆਂ ਵੱਲੋਂ ਪਿਛਲੇ ਕਈ ਹਫ਼ਤਿਆਂ ਤੋਂ ਇਸ ਮਾਮਲੇ 'ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ। ਵਿਚਾਰ ਅਧੀਨ ਵਿਕਲਪਾਂ ਵਿੱਚ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ ਦੀ ਵਰਤੋਂ 'ਤੇ ਪੂਰੀ ਪਾਬੰਦੀ ਲਗਾਉਣ ਦਾ ਪ੍ਰਸਤਾਵ ਵੀ ਸ਼ਾਮਲ ਹੈ। ਇਸ ਤਰ੍ਹਾਂ ਦਾ ਕਾਨੂੰਨ ਆਸਟ੍ਰੇਲੀਆ ਵਿੱਚ ਪਹਿਲਾਂ ਹੀ ਲਾਗੂ ਕੀਤਾ ਜਾ ਚੁੱਕਾ ਹੈ, ਜਿੱਥੇ ਨਾਬਾਲਗਾਂ ਦੀ ਸੋਸ਼ਲ ਮੀਡੀਆ ਤੱਕ ਪਹੁੰਚ ਨੂੰ ਨਿਯੰਤਰਿਤ ਕਰਨ ਲਈ ਸਖ਼ਤ ਨਿਯਮ ਬਣਾਏ ਗਏ ਹਨ।

ਸੂਤਰਾਂ ਅਨੁਸਾਰ ਸਰਕਾਰ ਪੂਰੀ ਪਾਬੰਦੀ ਦੀ ਬਜਾਏ ਕੁਝ ਅਜਿਹੇ ਵਿਕਲਪਾਂ 'ਤੇ ਵੀ ਵਿਚਾਰ ਕਰ ਰਹੀ ਹੈ, ਜਿਨ੍ਹਾਂ ਤਹਿਤ ਘੱਟ ਖ਼ਤਰਨਾਕ ਮੰਨੀਆਂ ਜਾਣ ਵਾਲੀਆਂ ਸੇਵਾਵਾਂ ਜਾਂ ਵਿਸ਼ੇਸ਼ਤਾਵਾਂ ਨੂੰ ਛੋਟ ਦਿੱਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਉਮਰ ਦੀ ਸਖ਼ਤ ਜਾਂਚ, ਆਟੋਪਲੇ ਅਤੇ ਇਨਫਿਨਿਟ ਸਕ੍ਰੋਲਿੰਗ ਵਰਗੀਆਂ ਆਦਤ ਪੈਦਾ ਕਰਨ ਵਾਲੀਆਂ ਵਿਸ਼ੇਸ਼ਤਾਵਾਂ 'ਤੇ ਰੋਕ ਲਗਾਉਣ ਦੇ ਸੁਝਾਅ ਵੀ ਸਰਕਾਰ ਦੇ ਵਿਚਾਰ ਅਧੀਨ ਹਨ।


ਕੀਰ ਸਟਾਰਮਰ ਪਹਿਲਾਂ ਬੱਚਿਆਂ ਲਈ ਸੋਸ਼ਲ ਮੀਡੀਆ ਪਾਬੰਦੀਆਂ ਦੇ ਮਾਮਲੇ ਵਿੱਚ ਸੰਭਲ ਕੇ ਕਦਮ ਚੁੱਕਣ ਦੇ ਪੱਖ ਵਿੱਚ ਸਨ, ਪਰ ਹਾਲੀਆ ਮਹੀਨਿਆਂ ਦੌਰਾਨ ਇਸ ਮੁੱਦੇ ਨੇ ਰਾਜਨੀਤਿਕ ਅਤੇ ਸਮਾਜਿਕ ਪੱਧਰ 'ਤੇ ਵੱਡੀ ਚਰਚਾ ਦਾ ਰੂਪ ਧਾਰ ਲਿਆ ਹੈ। ਕੰਜ਼ਰਵੇਟਿਵ ਪਾਰਟੀ, ਲਿਬਰਲ ਡੈਮੋਕ੍ਰੈਟਸ ਅਤੇ ਲੇਬਰ ਪਾਰਟੀ ਦੇ ਕਈ ਸੰਸਦ ਮੈਂਬਰ ਲਗਾਤਾਰ ਸਰਕਾਰ 'ਤੇ ਦਬਾਅ ਬਣਾਉਂਦੇ ਆ ਰਹੇ ਹਨ ਕਿ ਬੱਚਿਆਂ ਦੀ ਮਾਨਸਿਕ ਸਿਹਤ ਅਤੇ ਆਨਲਾਈਨ ਸੁਰੱਖਿਆ ਲਈ ਸਖ਼ਤ ਕਾਨੂੰਨੀ ਪ੍ਰਬੰਧ ਕੀਤੇ ਜਾਣ। ਇਸੇ ਦਬਾਅ ਦੇ ਚਲਦਿਆਂ ਲੇਬਰ ਸਰਕਾਰ ਨੇ ਮਾਰਚ ਮਹੀਨੇ ਵਿੱਚ ਇਸ ਮਾਮਲੇ ਸਬੰਧੀ ਜਨਤਕ ਸਲਾਹ-ਮਸ਼ਵਰਾ ਸ਼ੁਰੂ ਕੀਤਾ ਸੀ, ਜਿਸ ਵਿੱਚ ਮਾਪਿਆਂ, ਅਧਿਆਪਕਾਂ, ਬੱਚਿਆਂ ਦੀ ਸੁਰੱਖਿਆ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਅਤੇ ਟੈਕਨਾਲੋਜੀ ਮਾਹਿਰਾਂ ਤੋਂ ਰਾਏ ਮੰਗੀ ਗਈ ਸੀ। ਇਹ ਸਲਾਹ-ਮਸ਼ਵਰਾ ਪਿਛਲੇ ਮਹੀਨੇ ਸਮਾਪਤ ਹੋ ਗਿਆ ਸੀ।

ਸਲਾਹ-ਮਸ਼ਵਰੇ ਦੀ ਸਮਾਪਤੀ ਤੋਂ ਬਾਅਦ ਪ੍ਰਧਾਨ ਮੰਤਰੀ ਸਟਾਰਮਰ ਨੇ ਕਿਹਾ ਸੀ ਕਿ ਸਰਕਾਰ ਬੱਚਿਆਂ ਨੂੰ ਆਨਲਾਈਨ ਖਤਰਿਆਂ ਤੋਂ ਬਚਾਉਣ ਲਈ "ਫ਼ੈਸਲਾਕੁੰਨ ਕਾਰਵਾਈ" ਕਰੇਗੀ ਅਤੇ ਇਸ ਸਬੰਧੀ ਲਏ ਜਾਣ ਵਾਲੇ ਫ਼ੈਸਲੇ ਨੂੰ ਇੱਕ "ਗੇਮ ਚੇਂਜਰ" ਕਰਾਰ ਦਿੱਤਾ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਸੋਸ਼ਲ ਮੀਡੀਆ ਅਤੇ ਡਿਜੀਟਲ ਪਲੇਟਫਾਰਮਾਂ ਦੇ ਵਧਦੇ ਪ੍ਰਭਾਵ ਦੇ ਮੱਦੇਨਜ਼ਰ ਬੱਚਿਆਂ ਦੀ ਸੁਰੱਖਿਆ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ। ਅਗਲੇ ਹਫ਼ਤੇ ਪ੍ਰਧਾਨ ਮੰਤਰੀ ਲਈ ਸਿਆਸੀ ਤੌਰ 'ਤੇ ਵੀ ਕਾਫ਼ੀ ਅਹਿਮ ਮੰਨਿਆ ਜਾ ਰਿਹਾ ਹੈ। ਇੱਕ ਪਾਸੇ ਉਹ ਫਰਾਂਸ ਵਿੱਚ ਹੋਣ ਵਾਲੇ ਜੀ-7 ਦੇਸ਼ਾਂ ਦੇ ਸਿਖਰ ਸੰਮੇਲਨ ਵਿੱਚ ਹਿੱਸਾ ਲੈਣਗੇ, ਜਦਕਿ ਦੂਜੇ ਪਾਸੇ ਇੰਗਲੈਂਡ ਦੇ ਮੇਕਰਫ਼ੀਲਡ ਹਲਕੇ ਵਿੱਚ ਹੋ ਰਹੀ ਜ਼ਿਮਨੀ ਚੋਣ ਵੀ ਲੇਬਰ ਪਾਰਟੀ ਲਈ ਕਾਫ਼ੀ ਮਹੱਤਵਪੂਰਨ ਮੰਨੀ ਜਾ ਰਹੀ ਹੈ। ਬੱਚਿਆਂ ਦੀ ਆਨਲਾਈਨ ਸੁਰੱਖਿਆ ਨਾਲ ਸਬੰਧਤ ਮਾਹਿਰਾਂ ਅਤੇ ਸਮਾਜਿਕ ਸੰਸਥਾਵਾਂ ਦਾ ਮੰਨਣਾ ਹੈ ਕਿ ਸੋਸ਼ਲ ਮੀਡੀਆ ਦੀ ਬੇਰੋਕ ਵਰਤੋਂ ਕਾਰਨ ਬੱਚੇ ਸਾਈਬਰ ਧੱਕੇਸ਼ਾਹੀ, ਅਸ਼ਲੀਲ ਸਮੱਗਰੀ, ਮਾਨਸਿਕ ਦਬਾਅ ਅਤੇ ਹੋਰ ਕਈ ਖ਼ਤਰਿਆਂ ਦਾ ਸਾਹਮਣਾ ਕਰ ਰਹੇ ਹਨ। ਇਸ ਲਈ ਸਰਕਾਰ ਵੱਲੋਂ ਲਿਆਂਦੇ ਜਾਣ ਵਾਲੇ ਨਵੇਂ ਨਿਯਮਾਂ ਨੂੰ ਬੱਚਿਆਂ ਦੀ ਸੁਰੱਖਿਆ ਵੱਲ ਇੱਕ ਮਹੱਤਵਪੂਰਨ ਕਦਮ ਵਜੋਂ ਦੇਖਿਆ ਜਾ ਰਿਹਾ ਹੈ।

ਸਰਕਾਰ ਵੱਲੋਂ ਬੱਚਿਆਂ ਦੇ ਸਕਰੀਨ ਸਮੇਂ, ਸਮਾਰਟਫੋਨ ਦੀ ਵਰਤੋਂ ਅਤੇ ਸੋਸ਼ਲ ਮੀਡੀਆ ਦੇ ਪ੍ਰਭਾਵਾਂ ਸਬੰਧੀ ਵੀ ਵੱਖਰੀ ਮਾਰਗਦਰਸ਼ਿਕਾ ਤਿਆਰ ਕੀਤੀ ਜਾ ਰਹੀ ਹੈ, ਜਿਸ ਰਾਹੀਂ ਮਾਪਿਆਂ ਨੂੰ ਬੱਚਿਆਂ ਦੀ ਡਿਜੀਟਲ ਜ਼ਿੰਦਗੀ ਨੂੰ ਸੰਤੁਲਿਤ ਅਤੇ ਸੁਰੱਖਿਅਤ ਬਣਾਉਣ ਲਈ ਸਲਾਹ ਦਿੱਤੀ ਜਾਵੇਗੀ।

# ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਲਈ ਸਰਕਾਰ ਵਧਾ ਰਹੀ ਕੀਮਤਾਂ : ਚੌਹਾਨ

**ਨਵਾਂਸ਼ਹਿਰ 8 ਜੂਨ (ਚਰਨਜੀਤ ਸੱਲ੍ਹਾ )** ਡੀਜ਼ਲ, ਪਟਰੋਲ,ਰਸੋਈ ਗੈਸ ਅਤੇ ਖਾਦ ਦੀਆਂ ਕੀਮਤਾਂ 'ਚ ਵਾਧਾ ਕਰਕੇ ਗਰੀਬ ਮਜਦੂਰ, ਕਿਸਾਨ ਅਤੇ ਮੱਧ ਵਰਗ ਦੇ ਪੇਟ 'ਤੇ ਲੱਤ ਮਾਰਨ ਦਾ ਕੰਮ ਕਰ ਰਹੀ ਹੈ ਸਰਕਾਰ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਦੇ ਸਾਬਕਾ ਇੰਚਾਰਜ ਮੱਖਣ ਲਾਲ ਚੌਹਾਨ ਨੇ ਕੀਤਾ ਉਨ੍ਹਾਂ ਅੱਗੇ ਕਿਹਾ ਕਿ ਪੈਟਰੋਲ-ਡੀਜ਼ਲ ਤੋਂ ਬਾਅਦ ਹੁਣ ਰਸੋਈ ਗੈਸ ਮਹਿੰਗੀ ਕਰਕੇ ਜਨਤਾ 'ਤੇ ਵਾਧੂ ਆਰਥਿਕ ਬੋਝ ਪਾਇਆ ਜਾ ਰਿਹਾ ਹੈ। ਚੌਹਾਨ ਨੇ ਰਸੋਈ ਗੈਸ (ਐਲ.ਪੀ.ਜੀ.) ਦੇ ਰੇਟਾਂ ਵਿੱਚ 29 ਰੁਪਏ ਪ੍ਰਤੀ ਸਿਲੰਡਰ ਕੀਤੇ ਗਏ ਵਾਧੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਵੱਲੋਂ ਆਮ ਲੋਕਾਂ ਨੂੰ ਰਾਹਤ ਦੇਣ ਦੀ ਬਜਾਏ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਲਈ ਗਰੀਬ ਤੇ ਮੱਧ ਵਰਗ ਦੇ ਲੋਕਾਂ ਦੀਆਂ ਜੇਬਾਂ 'ਤੇ ਡਾਕੇ ਮਾਰ ਕੇ ਮਹਿੰਗਾਈ ਦਾ ਆਰਥਿਕ ਬੋਝ ਵਧਾਇਆ ਜਾ ਰਿਹਾ ਹੈ।



ਚੌਹਾਨ ਕਿਹਾ ਕਿ ਜਨਤਾ ਪਹਿਲਾਂ ਹੀ ਪੈਟਰੋਲ ਅਤੇ ਡੀਜ਼ਲ ਦੀਆਂ ਲਗਾਤਾਰ ਵਧ ਰਹੀਆਂ ਕੀਮਤਾਂ ਕਾਰਨ ਬੁਰੀ ਤਰ੍ਹਾਂ ਪਿਸ ਰਹੀ ਹੈ। ਤੇਲ ਦੀਆਂ ਕੀਮਤਾਂ ਵਧਣ ਨਾਲ ਹਰ ਚੀਜ਼ ਪਹਿਲਾਂ ਹੀ ਮਹਿੰਗੀ ਹੋ ਚੁੱਕੀ ਹੈ ਅਤੇ ਹੁਣ ਉੱਪਰੋਂ ਰਸੋਈ ਗੈਸ ਸਿਲੰਡਰ ਦੀ ਕੀਮਤ ਵਿੱਚ 29 ਰੁਪਏ ਦਾ ਹੋਰ ਵਾਧਾ ਕਰਕੇ ਗਰੀਬ ਅਤੇ ਮੱਧ ਵਰਗ ਦੇ ਘਰਾਂ ਦਾ ਬਜਟ ਪੂਰੀ ਤਰ੍ਹਾਂ ਤਹਿਸ-ਨਹਿਸ ਕਰ ਦਿੱਤਾ ਗਿਆ ਹੈ। ਇਹ ਤਾਜ਼ਾ ਵਾਧਾ ਜਨਤਾ ਉੱਪਰ ਮਹਿੰਗਾਈ ਦੀ ਇੱਕ ਹੋਰ ਅਜਿਹੀ ਮਾਰ ਹੈ, ਜਿਸ ਨੇ ਆਮ ਲੋਕਾਂ ਦਾ ਜਿਊਣਾ ਮੁਹਾਲ ਕਰ ਦਿੱਤਾ ਹੈ। ਚੌਹਾਨ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਵੱਲੋਂ ਸੂਬੇ ਭਰ ਵਿੱਚ ਚਲਾਈ ਜਾ ਰਹੀ 'ਪੰਜਾਬ ਸੰਭਾਲੋ ਮੁਹਿੰਮ' ਨਾਲ ਲੋਕਾਂ ਨੂੰ ਇਹਨਾਂ ਗੰਭੀਰ ਮੁੱਦਿਆਂ 'ਤੇ ਲਾਮਬੰਦ ਕੀਤਾ ਜਾਵੇਗਾ ਤੇ ਵਾਰ-ਵਾਰ ਕੀਤੀ ਜਾ ਰਹੀ ਮਹਿੰਗਾਈ ਖਿਲਾਫ ਲੋਕਾਂ ਨੂੰ ਜਾਗਰੂਕ ਕਰਕੇ ਬਸਪਾ ਦੇ ਹੱਕ ਵਿੱਚ ਅੰਦੋਲਨ ਬਣਾਇਆ ਜਾਵੇਗਾ। ਕੇਂਦਰ ਤੇ ਪੰਜਾਬ ਸਰਕਾਰਾਂ ਤੋਂ ਪੁਰ-ਜ਼ੋਰ ਮੰਗ ਹੈ ਕਿ ਜਨਤਾ ਦੀ ਆਰਥਿਕ ਹਾਲਤ ਅਤੇ ਮੌਜੂਦਾ ਮਹਿੰਗਾਈ ਦੇ ਦੌਰ ਨੂੰ ਧਿਆਨ ਵਿੱਚ ਰੱਖਦੇ ਹੋਏ, ਸਰਕਾਰ ਰਸੋਈ ਗੈਸ ਦੀਆਂ ਵਧੀਆਂ ਹੋਈਆਂ ਕੀਮਤਾਂ ਨੂੰ ਤੁਰੰਤ ਵਾਪਸ ਲਵੇ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਸ ਬੇਲੋੜੇ ਆਰਥਿਕ ਬੋਝ ਨੂੰ ਹਟਾ ਕੇ ਜਨਤਾ ਨੂੰ ਤੁਰੰਤ ਰਾਹਤ ਦੇਣੀ ਚਾਹੀਦੀ ਹੈ।

# ਪਿੰਡ ਕਰਨਾਣਾ ਚ ਪਹਿਲਾਂ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ

**ਬੰਗਾ 8 ਜੂਨ ( ਚਰਨਜੀਤ ਸੱਲ੍ਹਾ )**ਪਿੰਡ ਕਰਨਾਣਾ ਚ ਪਹਿਲਾ ਕ੍ਰਿਕਟ ਟੂਰਨਾਮੈਂਟ ਸਮਾਪਤ ਜੋ ਰਾਜਾ ਸਾਹਿਬ ਮੋਹਲਾ ਪਿੰਡ ਕਰਨਾਣਾ ਵੱਲੋ ਕਰਾਇਆ ਗਿਆ ਜਿਸ ਵਿੱਚ ਕਰੀਬ 60 ਟੀਮਾਂ ਨੇ ਭਾਗ ਲਿਆ ਫਾਈਨਲ ਮੈਚ ਪਿੰਡ ਮੀਰਪੁਰ ਲੱਖਾਂ ਨੇ ਜਿੱਤਿਆ ਦੂਸਰੇ ਨਬਰ ਤੇ ਪਿੰਡ ਕਰਨਾਣਾ ਦੀ ਟੀਮ ਰਹੀ ਖਿਡਾਰੀਆਂ ਨੂੰ ਟਰੋਫਾਈਆਂ ਦੀ ਸੇਵਾ ਪ੍ਰਿੰਸ ਲਾਖਾ ਪੁਰਤਗਾਲ ਵਾਲੀਆਂ ਵੱਲੋ ਕੀਤੀ ਗਈ 3 ਦਿਨ ਕੋਲ੍ਡ ਡਰਿੰਕ ਦੀ ਸੇਵਾ ਸੁਰਿੰਦਰ ਲਾਖਾ ਵੱਲੋ ਕੀਤੀ ਗਈ ਟੂਰਨਾਮੈਂਟ ਵਿੱਚ ਕੈਮਨਟਰੀ ਦੀ ਸੇਵਾ ਕਮੇਟੀ ਮੈਂਬਰ ਮਨੀ ਲਾਖਾ ਪੰਚ ਵੱਲੋ ਨਿਭਾਈ ਗਈ ਜਿਸ ਵਿੱਚ ਲਿਵਏ ਦੀ ਸੇਵਾ ਪਿੰਦਰ ਲਾਖਾ ਲਿਵਏ ਟਵ ਵੱਲੋ ਕੀਤੀ ਗਈ ਹੋਰ ਕਮੇਟੀ ਦੇ ਮੈਂਬਰ ਗੁਰਜੀਤ ਬੰਗਰ ਛੋਟਾ ਲਾਖਾ ਹਰਬੰਸ ਲਾਖਾ ਕਰਨੈਲ ਵੱਲੋ ਫਰੂਟ ਦੀ ਸੇਵਾ ਕੀਤੀ ਗਈ ਲਾਖਾ ਨਵਜੋਤ ਲਾਖਾ ਸੁਨੀਲ ਲਾਖਾ ਗੁਰਪ੍ਰੀਤ ਲਾਖਾ ਅਤੇ





ਸਾਬਕਾ ਸਿਵਲ ਸਰਜਨ ਡਾਕਟਰ ਬਲਵੀਰ ਜੀ ਹੋਸ਼ਿਆਰਪੁਰ ਵਾਲੀਆਂ ਨੇ ਦੋਨਾਂ ਟੀਮਾਂ ਨੂੰ ਸਨਮਾਨਿਤ ਕੀਤਾ ਗਿਆ ਸਾਈ ਮੀਕੇ ਸ਼ਾਹ ਜੀ ਯੂ ਐਸ ਏ ਵੱਲੋ ਪਹਿਲਾ ਇਨਾਮ ਦਿੱਤਾ ਗਿਆ ਦੂਸਰਾ ਇਨਾਮ ਜਸਵਿੰਦਰ ਲਾਖਾ ਸੁੱਖ ਸਾਗਰ ਲੈਬ ਵੱਲੋ ਦਿੱਤਾ ਗਿਆ ਤੀਸਰਾ ਇਨਾਮ ਜਿੰਦਰ ਧੀਰ ਵੱਲੋ ਖਿਡਾਰਾ ਨੂੰ ਦਿੱਤਾ ਗਿਆ ਇਨਾਮ ਵੰਡ ਸਮਾਰੋਹ ਵਿੱਚ ਸਾਬਕਾ ਪੰਚ ਸੀਤਲ ਦਾਸ ਲਾਖਾ ਨਿਰਮਲ ਲਾਖਾ ਸੁਰਿੰਦਰ ਕੁਮਾਰ ਲਾਖਾ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਗੁਰਦਵਾਰਾ ਕਰਨਾਣਾ ਤੇ ਕੁਲਵੰਤ ਲਾਖਾ ਰਵਿੰਦਰ ਲੱਧੜ ਸੁੱਚਾ ਰਾਮ ਲੱਧੜ ਹਾਜ਼ਰ ਰਹੇ ਜਿਸ ਐਨ ਆਰ ਆਈ ਵੀਰਾਂ ਦਾ ਭਰਪੂਰ ਯੋਗਦਾਨ ਰਿਹਾ 4 ਦਿਨ ਵਿੱਚ ਦਰਸ਼ਕਾਂ ਨੇ ਮੈਚਾਂ ਦਾ ਭਰਪੂਰ ਅਨੰਦ ਲਿਆ।

# ਪੰਜਾਬ ਦਾ ਬੋਧੀ ਇਤਿਹਾਸ: ਸਾਰ ਅਤੇ ਸਮੀਖਿਆ (ਭਾਗ-15)

## ਮਹਾਂਰਾਜਾ ਹਰਸ਼ ਵਰਧਨ ( ਅਧਿਆਇ 12)

ਗੁਪਤ ਸਾਮਰਾਜ ਦੇ ਕਮਜ਼ੋਰ ਹੋਣ ਨਾਲ, ਇਕ ਵਾਰ ਫਿਰ ਭਾਰਤ ਖੇਰੂੰ ਖੇਰੂੰ ਹੋ ਗਿਆ। ਗੁਪਤ ਸਾਮਰਾਜ ਕਈ ਹਿੱਸਿਆਂ ਵਿਚ ਵੰਡਿਆ ਗਿਆ --


1. ਮਗਧ ਦਾ ਮਗਰਲਾ ਗੁਪਤ ਵੰਸ਼
2. ਕੰਨਿਆ ਕੁਬਜ਼ ਦਾ ਮੌਖਰੀ ਵੰਸ਼
3. ਥਾਨੇਸਰ ਦਾ ਵਰਧਨ ਵੰਸ਼
4. ਪੂਰਵੀ ਮਾਲਵਾ ਦਾ ਗੁਪਤ ਵੰਸ਼
5.ਪੰਜਾਬ ਅਤੇ ਰਾਜਿਸਥਾਨ ਦੇ ਹੂਣ ਵੰਸ਼
6.ਵਲਭੀ ਦਾ ਮੇਤਰਕ ਵੰਸ਼

ਇਨ੍ਹਾਂ ਵਿਚੋਂ ਹੀ ਥਾਨੇਸਰ ਦਾ ਵਰਧਨ ਵੰਸ਼ ਉਠਿਆ ਜਿਸ ਨੇ ਇਕ ਵਾਰ ਫੇਰ ਭਾਰਤ ਨੂੰ ਇੱਕਮੁੱਠ ਕਰਨ ਦਾ ਉਪਰਾਲਾ ਕੀਤਾ।

ਥਾਨੇਸਰ ਦੇ ਵਰਧਨ ਰਾਜਵੰਸ਼ ਦਾ ਪਹਿਲਾ ਬਹਾਦਰ ਰਾਜਾ ਪ੍ਰਭਾਕਰਵਰਧਨ ( 583-605 ਈਸਵੀ) ਸੀ ਜਿਸ ਨੇ ਆਪਣੀਆਂ ਜਿੱਤਾਂ



ਹਰਮੇਸ਼ ਜੱਸਲ




ਕਰਕੇ ਵਿਰੋਧੀਆਂ ਚ ਆਪਣਾ ਡਰ ਪੈਦਾ ਕੀਤਾ ਹੋਇਆ ਸੀ। ਹਰਸ਼ -ਚਰਿਤ ਦੇ ਲੇਖਕ ' ਬਾਣ' ਨੇ ਉਸਨੂੰ " ਹੂਣ ਰੂਪੀ ਹਿਰਨਾਂ ਲਈ ਸ਼ੇਰ, ਸਿੰਧੂ ਦੇਸ਼ ਦੇ ਰਾਜਾ ਲਈ ਬੁਖ਼ਾਰ, ਗੰਧਾਰ ਰਾਜਿਆਂ ਵਰਗੇ ਮਸਤ ਹਾਥੀ ਲਈ ਪਲੇਗ , ਗੁਰਜਰਾਂ ਦੀ ਨੀਂਦ ਹਰਾਮ ਕਰਨ ਵਾਲਾ ਉਨੀਂਦਰਾ ਰੋਗ, ਲਾਟ ਦੇਸ਼ ਦੇ ਘੁਮੰਡ ਨੂੰ ਚਕਨਾਚੂਰ ਕਰਨ ਵਾਲਾ, ਮਾਲਵਾ ਰਾਜ ਦੀ ਲਕਸ਼ਮੀ ਰੂਪੀ ਵੇਲ ਲਈ ਕੁਹਾੜਾ ਸੀ। " ਅਸੀਂ ਇਸ ਬਿਆਨ ਤੋਂ ਅੰਦਾਜ਼ਾ ਲਾ ਸਕਦੇ ਹਾਂ ਕਿ ਵਰਧਨ ਰਾਜਵੰਸ਼ ਦਾ ਕਿੰਨਾ ਦਬਦਬਾ ਸੀ। ਪਰ ਅਸੀਂ ਇਸ ਅਧਿਆਇ ਵਿਚ ਗੱਲ, ਇਸੇ ਵੰਸ਼ ਦੇ ਰਾਜਾ ਹਰਸ਼ ਵਰਧਨ ਦੀ ਕਰਨੀ ਹੈ।

ਮਰਾਠੀ ਇਤਿਹਾਸਕਾਰ ਸ੍ਰੀ ਚਿੰਤਾਮਣੀ ਵਿਨਾਇਕ ਵੈਦਯ ਨੇ ' ਬਾਣ ' ਦੁਆਰਾ ਰਚਿਤ ' ਹਰਸ਼ ਚਰਿਤ ' ਦੇ ਮੁਤਾਬਕ ' ਹਰਸ਼ ' ਦੀ ਜਨਮ ਮਿਤੀ ਨਿਰਧਾਰਤ ਕਰਨ ਦੀ ਕੋਸ਼ਿਸ਼ ਕੀਤੀ ਹੈ, ਉਸਦੇ ਮੁਤਾਬਕ ਸ਼ੱਕ-ਸੰਮਤ 512, ਅੰਗ੍ਰੇਜ਼ੀ ਗਣਨਾ ਅਨੁਸਾਰ 04 ਜੂਨ ਸੰਨ 590 ਈਸਵੀ ਨੂੰ ' ਹਰਸ਼ ' ਦਾ ਜਨਮ ਹੋਇਆ। ਛੋਟੀ ਉਮਰ ਵਿਚ ਹੀ ਹਰਸ਼ ਨੂੰ ਹਾਲਾਤਾਂ ਨੂੰ ਮੱਦੇਨਜ਼ਰ ਰੱਖਦਿਆਂ ਰਾਜਗੱਦੀ ਸੰਭਾਲਣੀ ਪਈ ਕਿਉਂਕਿ ਹਰਸ਼ ਦੇ ਪਿਤਾਸ੍ਰੀ ਪ੍ਰਭਾਕਰਵਰਧਨ ਦੀ ਮੌਤ ਹੋ ਗਈ ਸੀ, ਮਾਤਾ ਸਤੀ ਹੋ ਗਈ ਸੀ , ਭਣੋਈਏ ਗ੍ਰਹਿਵਰਮਨ ਦਾ ਮਾਲਵੇ ਦੇ ਹਿੰਦੂ ਰਾਜਾ ਨੇ ਕਤਲ ਕਰਕੇ, ਹਰਸ਼ ਦੀ ਭੈਣ ' ਰਾਜਯਸ੍ਰੀ ' ਨੂੰ ਕੈਦ ਕਰ ਲਿਆ ਸੀ, ਵੱਡੇ ਭਰਾ ' ਰਾਜਯਵਰਧਨ ' ਨੇ ਵਿਰੋਧੀ ਰਾਜਿਆਂ ਨੂੰ ਸਬਕ ਸਿਖਾਉਣ ਲਈ ਚੜ੍ਹਾਈ ਕਰ ਦਿੱਤੀ ਸੀ, ਇਸ ਕਰਕੇ ਹਰਸ਼ ਨੂੰ ਰਾਜਗੱਦੀ ਉੱਤੇ ਬੈਠਣਾ ਪਿਆ। ਪਰ ਵਿਰੋਧੀ ਬਗਾਵਤਾਂ ਚ ਲੱਗੇ ਰਹਿੰਦੇ ਸਨ। ਇਸ ਲਈ ਅਖੀਰ ਵਿੱਚ ਫ਼ੈਸਲਾ ਲਿਆ ਕਿ ਅਗਰ ਇਨ੍ਹਾਂ ਬਗ਼ਾਵਤਾਂ ਨੂੰ ਹੁਣ ਨਾ ਦਬਾਇਆ ਗਿਆ ਤਾਂ ਵਰਧਨ ਰਾਜਵੰਸ਼ ਖ਼ਤਰੇ ਵਿਚ ਪੈ ਜਾਵੇਗਾ। ਸੈਨਾਪਤੀ ਸਿੰਘਨਾਦ ਨੇ ਰਾਜਾ ਨੂੰ ਕਿਹਾ ਕਿ, " ਇਕੱਲੇ ਗੌੜ ਰਾਜਾ ਦੀ ਗੱਲ ਨਹੀਂ ਹੈ? ਹੁਣ ਤਾਂ ਤੁਹਾਨੂੰ ਇਹ ਕਰਨਾ ਚਾਹੀਦਾ ਹੈ ਕਿ ਕਿਸੇ ਹੋਰ ਦੀ ਵੀ ਇਹੋ ਜਿਹਾ ਕਰਨ ਦੀ ਹਿੰਮਤ ਨਾ ਪਵੇ। ਜਿਸ ਰਾਹ ਉੱਤੇ ਤੁਹ-ਾਡੇ ਪਿਤਾ, ਦਾਦਾ, ਪੜਦਾਦਾ ਚੱਲੇ ਸਨ, ਤਿੰਨਾਂ ਲੋਕਾਂ ਚ ਸਲਾਹੁਣਯੋਗ ਇਸ ਰਸਤੇ ਨੂੰ ਨਾ ਛੱਡੋ। ਸਾਰੀ ਧਰਤੀ ਨੂੰ ਜਿੱਤਣ ਦੀ ਇੱਛਾ ਰੱਖਣ ਵਾਲੇ ਜਿਹੜੇ ਲਾਲਚੀ ਅਤੇ ਪਾਖੰਡੀ ਪੈਦਾ ਹੋ ਗਏ ਹਨ, ਉਨ੍ਹਾਂ ਨਾਲ ਅਜਿਹਾ ਸਲੂਕ ਕਰੋ ਕਿ ਉਨ੍ਹਾਂ ਦੇ ਜਨਾਨਖਾਨੇ ਦੀਆਂ ਔਰਤਾਂ ਹੌਂਕੇ ਭਰਨ। ਸਮਰਾਟ ਦੇ ਸਵਰਗਵਾਸੀ ਹੋ ਜਾਣ ਨਾਲ ਅਤੇ ਰਾਜਯਵਰਧਨ ਨੂੰ ਦੁਸ਼ਟ ਗੌੜ ਰਾਜਾ ਦੁਆਰਾ ਡੱਸ ਲੈਣ ਨਾਲ, ਜੋ ਮਹਾਂ ਪਰਲੋ ਦਾ ਸਮਾਂ ਆਇਆ ਹੈ, ਉਸ ਵਿੱਚ ਤੁਸੀਂ ਹੀ ਸ਼ੇਸ਼ਨਾਗ ਦੀ ਤਰ੍ਹਾਂ ਧਰਤੀ ਨੂੰ ਥੰਮਣ ਦੇ ਸਮਰੱਥ ਹੋ।ਸ਼ਰਣਹੀਣ ਪ੍ਰਜਾ ਦਾ ਹੌਸਲਾ ਵਧਾਓ ਅਤੇ ਘੁਮੰਡੀ ਰਾਜਿਆਂ ਦੇ ਮੱਥਿਆਂ ਨੂੰ ਦਾਗ਼ ਕੇ ਪੈਰਾਂ ਦੇ ਨਿਸ਼ਾਨ ਬਣਾ ਦਿਓ।" ਹਰਸ਼ ਨੇ ਉਤੱਰ ਦਿੱਤਾ ਕਿ, " ਤੁਸੀਂ ਜੋ ਕਿਹਾ ਹੈ, ਉਹ ਬਿਲਕੁਲ ਕਰਨਯੋਗ ਹੈ। ਜਦ ਤੱਕ ਗੈਰ-ਧਰਮੀ , ਚੰਡਾਲ ਦੁਸ਼ਟ ਗੌੜ ਰਾਜਾ ਜਿਉਂਦਾ ਹੈ, ਮੇਰੇ ਦਿਲ ਚ ਕੰਡੇ ਦੀ ਤਰ੍ਹਾਂ ਚੁੱਭ ਰਿਹਾ ਹੈ, ਤੱਦ ਤੱਕ ਮੇਰੇ ਲਈ ਨਾਮਰਦ ਵਾਂਗੂੰ ਰੋਣਾ - ਧੋਣਾ ਸ਼ਰਮਨਾਕ ਹੈ। ਜਦ ਤੱਕ ਗੈਰ-ਧਰਮੀ ਗੌੜ ਦੀ ਚਿਤਾ ਚੋਂ ਉਠਦਾ ਧੂੰਆਂ ਨਾ ਦੇਖ ਲਵਾਂ, ਤੱਦ ਤੱਕ ਮੇਰੀਆਂ ਅੱਖਾਂ ਚ ਹੰਝੂ ਕਿੱਥੋਂ? ਹੁਣ ਮੇਰੀ ਪ੍ਰਤਿੱਗਿਆ ਸੁਣੋ -- ਵੱਡਿਆਂ ਦੇ ਪੈਰਾਂ ਦੀ ਧੂੜ ਨੂੰ ਛੂਹ ਕੇ, ਮੈਂ ਪ੍ਰਤਿੱਗਿਆ ਕਰਦਾ ਹਾਂ ਕਿ ਜੇ ਮੈਂ, ਕੁਝ ਹੀ ਦਿਨਾਂ ਚ ਇਸ ਧਰਤੀ ਨੂੰ ਗੌੜ-ਰਹਿਤ ਨਾ ਬਣਾ ਦੇਵਾਂ ਅਤੇ ਸਾਰੇ ਘੁਮੰਡੀ ਰਾਜਿਆਂ ਦੇ ਪੈਰਾਂ ਚ ਬੇੜੀਆਂ ਨਾ ਪਾ ਦੇਵਾਂ, ਤਾਂ ਮੈਂ ਘਿਓ ਨਾਲ ਲਟ ਲਟ ਕਰਦੀ ਅੱਗ ਚ ਪਤੰਗੇ ਦੀ ਤਰ੍ਹਾਂ, ਆਪਣੇ ਸਰੀਰ ਨੂੰ ਭਸਮ ਕਰ ਦਿਆਂਗਾ।" ਇਸ ਤਰ੍ਹਾਂ ਰਾਜਾ ਹਰਸ਼ ਦਿਗਵਿਜੈ ਲਈ ਨਿਕਲ ਪਿਆ। ਉਸ ਕੋਲ ਬੜੀ ਭਾਰੀ ਫੌਜ ਸੀ ਜਿਸ ਵਿਚ 5000 ਹਾਥੀ, 20000 ਘੋੜ ਸਵਾਰ ਅਤੇ 50000 ਪੈਦਲ ਸੈਨਿਕ ਸਨ। 6 ਸਾਲ ਦੀ ਜੰਗ ਤੋਂ ਬਾਅਦ ' ਹਰਸ਼ਵਰਧਨ ' ਨੇ ਬਹੁਤ ਵਿਸ਼ਾਲ ਖੇਤਰ ਉੱਤੇ ਜਿੱਤ ਪ੍ਰਾਪਤ ਕੀਤੀ ਜਿਸ ਚ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਬਿਹਾਰ, ਬੰਗਾਲ ਅਤੇ ਉੜੀਸਾ ਸ਼ਾਮਲ ਸਨ। ਉਸਨੂੰ ਸਕਲ-ਉੱਤਰਾਪਥੇਸ਼ਵਰ ਅਤੇ ਪੰਚ ਭਾਰਤ ਦਾ ਮਾਲਕ ਕਿਹਾ ਜਾਂਦਾ ਹੈ।

ਹਿਊਨਸਾਂਗ ( ਯਾਤਰਾ ਕਾਲ 629 ਈਸਵੀ -- 645 ਈਸਵੀ) ਹਰਸ਼ ਵਰਧਨ ਦੇ ਰਾਜ ਕਾਲ ਸਮੇਂ ਹੀ ਭਾਰਤ ਆਇਆ ਸੀ, ਉਸਨੇ ਆਪਣੀ ਜੀਵਨੀ ਚ ਹਰਸ਼ ਵਰਧਨ ਦੇ ਵਿਸ਼ਾਲ ਰਾਜ, ਉਸ ਸਮੇਂ ਬੁੱਧ ਧਰਮ ਦੀ ਸਥਿਤੀ ਅਤੇ ਹਰਸ਼ ਦੀ ਬੁੱਧ, ਧੰਮ ਅਤੇ ਸੰਘ ਪ੍ਰਤੀ ਸ਼ਰਧਾ ਦਾ ਵਿਸਥਾਰ ਪੂਰਵਕ ਅਤੇ ਸਟੀਕ ਵਰਨਣ ਕੀਤਾ ਹੈ।

ਅਸੀਂ ਹੁਣ ਹਰਸ਼ ਵਰਧਨ ਦੇ ਬੋਧੀ ਕਾਰਜਾਂ ਬਾਰੇ ਸੰਖੇਪ ਜਿਹਾ ਵਰਨਣ ਕਰਾਂਗੇ:

1. ਸੰਮਤ, ਸਿੱਕੇ ਅਤੇ ਮੋਹਰਾਂ: ਮਹਾਂਰਾਜਾ ਹਰਸ਼ ਵਰਧਨ ਨੇ ' ਹਰਸ਼ ਸੰਮਤ ' ਚਾਲੂ ਕੀਤਾ ਪਰ ਉਸਦੇ ਰਾਜ ਚ ਰਵਾਇਤੀ ਸਿੱਕੇ ਅਤੇ ਮੋਹਰਾਂ ਹੀ ਚੱਲਦੇ ਸਨ। ਖੁਦਾਈ ਵਿਚੋਂ ਕੁਝ ਲਾਲ ਮਿਟੀ ਦੀਆਂ ਪਕਾਈਆਂ ਹੋਈਆਂ ਮੋਹਰਾਂ ਮਿਲੀਆਂ ਹਨ ਜਿਨ੍ਹਾਂ ਉਤੇ ਬੋਧੀ ਸਤੂਪ ਬਣੇ ਹੋਏ ਹਨ ਅਤੇ ਹੇਠਾਂ ' ਯੇ ਧਰਮਾ ਹੇਤੂਪ੍ਰਭਵਾ' ਲਿਖਿਆ ਹੋਇਆ ਹੈ, ਇਹ ਮੋਹਰਾਂ ਵਿਹਾਰਾਂ ਚ ਸ਼ਰਧਾ ਨਾਲ ਚੜ੍ਹਾਈਆਂ ਜਾਂਦੀਆਂ ਸਨ, ਜਿਸ ਤੋਂ ਲੋਕਾਂ ਦੀ ਬੋਧੀ ਆਸਥਾ ਦਾ ਪਤਾ ਲਗਦਾ ਹੈ।

2. ਸਤੂਪ ਨਿਰਮਾਣ: ਹਰਸ਼ ਦਾ ਪ੍ਰੀਵਾਰ ਬੁੱਧ ਧਰਮ ਦਾ ਅਨੁਯਾਈ ਸੀ। ਮਹਾਂਰਾਜਾ ਹਰਸ਼ ਨੇ ਗੰਗਾ ਦੇ ਕਿਨਾਰੇ ਕਿਨਾਰੇ ਕਈ ਹਜ਼ਾਰ ਸਤੂਪ ਸਥਾਪਤ ਕੀਤੇ ਸਨ। ਹਰੇਕ ਸਤੂਪ 100 ਫੁੱਟ ਉੱਚਾ ਸੀ। ਬਿਨਾਂ ਸ਼ੱਕ ਇਹ ਸਤੂਪ ਲੱਕੜੀ ਅਤੇ ਬਾਂਸ ਦੇ ਬਣੇ ਹੋਣਗੇ, ਇਹੀ ਕਾਰਨ ਹੈ ਕਿ ਹੁਣ ਉਨ੍ਹਾਂ ਦਾ ਕੋਈ ਨਾਮੋ-ਨਿਸ਼ਾਨ ਬਾਕੀ ਨਹੀਂ ਰਿਹਾ।ਪਰ ਹਿਊਨ ਸਾਂਗ ਨੇ ਉਸਦੇ ਰਾਜ ਚ ਬਣੇ ਪੱਕੇ ਸਤੂਪਾਂ ਦਾ ਵਰਣਨ ਵੀ ਆਪਣੀ ਜੀਵਨੀ ਚ ਬਾਖੂਬੀ ਕੀਤਾ ਹੈ, ਉਸਦੀ ਪੂਰੀ ਲਿਸ਼ਟ ਇਸ ਅਧਿਆਇ ਵਿਚ ਦਿੱਤੀ ਗਈ ਹੈ।

3. ਮਹਾਂ ਸਭਾ ਅਤੇ ਗੋਸ਼ਠੀ: ਹਿਊਨ ਸਾਂਗ ਨੇ ਆਪਣੀ ਜੀਵਨੀ ਚ ਹਰਸ਼ ਦੇ ਰਾਜ ਵੇਲੇ ਹੋਈ ਮਹਾਂ ਸਭਾ ਅਤੇ ਗੋਸ਼ਠੀ ਦਾ ਬੜ੍ਹੇ ਵਿਸਥਾਰ ਨਾਲ ਵਰਨਣ ਕੀਤਾ ਹੈ ਜੋ 18 ਦਿਨ ਚੱਲਦੀ ਰਹੀ ਜਿਸ ਦੇ ਮੁੱਖ ਮਹਿਮਾਨ ਹਿਊਨ ਸਾਂਗ ਹੀ ਸਨ ਅਤੇ ਇਨ੍ਹਾਂ ਨੇ ਗੋਸ਼ਠੀ ਦਾ ਅਰੰਭ ਅਤੇ ਸਮਾਪਨ ਕੀਤਾ ਸੀ। ਇਸੇ ਗੋਸ਼ਠੀ ਦੌਰਾਨ ਮਹਾਂ ਰਾਜਾ ਹਰਸ਼ ਦੀ ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ ਗਈ, ਕਾਰਨ ਇਹ ਸੀ ਕਿ ਬ੍ਰਾਹਮਣ ਸਮਝਦੇ ਸਨ ਕਿ ਰਾਜੇ ਦਾ ਝੁਕਾਅ ਬੁੱਧ ਧਰਮ ਵੱਲ ਹੈ, ਭਾਵੇਂ ਦੋਸ਼ੀ ਨੂੰ ਫੜ ਲਿਆ ਗਿਆ ਸੀ, ਉਸ ਸਾਜ਼ਿਸ਼ ਦਾ ਪਰਦਾਫਾਸ਼ ਹੋਣ ਉੱਤੇ ਹੱਤਿਆ ਕਾਂਡ ਦੇ ਮੁੱਖ ਦੋਸ਼ੀਆਂ ਨੂੰ ਪ੍ਰਾਣਦੰਡ ਦਿੱਤਾ ਗਿਆ ਅਤੇ ਲਗਭਗ 500 ਬ੍ਰਾਹਮਣਾਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ।

4.ਮਹਾਂਦਾਨ: ਮਹਾਂਰਾਜਾ ਹਰਸ਼ ਵਰਧਨ ਹਰ ਪੰਜਵੇਂ ਸਾਲ ਗੰਗਾ -ਜਮੁਨਾ ਦੇ ਸੰਗਮ ਪ੍ਰਯਾਗ ਵਿਖੇ, ਇਕ ਮਹਾਂਦਾਨ ਵੰਡ ਉਤਸਵ ਮਨਾਉਂਦਾ ਸੀ, ਜਿਸ ਵਿਚ ਉਹ ਫ਼ੌਜੀ ਸਮਾਨ ਛੱਡ ਕੇ ਸੋਨਾ, ਚਾਂਦੀ, ਹੀਰੇ ਜਵਾਹਰਾਤ, ਪੈਸਾ ਧੈਲਾ ਸੱਭ ਕੁਝ, ਇੱਥੋਂ ਤੱਕ ਕਿ ਆਪਣੇ ਸਰੀਰ ਦੇ ਕਪੜੇ ਵੀ ਦਾਨ ਕਰ ਦਿੰਦਾਂ ਸੀ। ਇਹੋ ਜਿਹੇ ਇਕ ਦਾਨ ਵੰਡ ਸਮਾਰੋਹ ਚ ਉਸਨੇ ਆਪਣੀ ਭੈਣ ਰਾਜਯਸ੍ਰੀ ਤੋਂ ਦੁਸ਼ਾਲਾ ਮੰਗ ਕੇ ਓੜਿਆ ਸੀ।

5. ਭਿਖਸ਼ੂਆਂ ਨੂੰ ਮਾਣ-ਸਨਮਾਣ : ਮਹਾਂਰਾਜਾ ਹਰਸ਼ ਭਿਖਸ਼ੂਆਂ ਨੂੰ ਦਾਨ ਅਤੇ ਭੋਜ਼ਨ ਤਾਂ ਦਿੰਦਾ ਹੀ ਸੀ, ਪਰ ਜਿਹੜੇ ਭਿਖਸ਼ੂ ਧੰਮ ਨਿਯਮਾਂ ਅਤੇ ਹਦਾਇਤਾਂ ਦਾ ਪਾਲਣ ਕਰਦੇ ਸਨ, ਉਨਾਂ ਨੂੰ ਉੱਚ ਪੱਦਵੀਆਂ ਤੇ ਸਨਮਾਨ ਦੇ ਕੇ ਹੌਸਲਾ ਅਫ਼ਜ਼ਾਈ ਕਰਦਾ ਸੀ ਪਰ ਜਿਹੜੇ ਭਿਖਸ਼ੂ ਨਿਰੀਖਣ ਚ ਪੂਰੇ ਨਹੀਂ ਉਤਰਦੇ ਸਨ, ਉਨ੍ਹਾਂ ਦੀ ਪੱਦਵੀ ਅਤੇ ਨਾਗਰਿਕਤਾ ਖਤਮ ਕਰ ਦਿੱਤੀ ਜਾਂਦੀ ਸੀ। ਸ਼ਾਹੀ ਰਸੋਈ ਚ ਹਰ ਰੋਜ਼ 1000 ਬੋਧੀ ਭਿਖਸ਼ੂਆਂ ਅਤੇ 500 ਬ੍ਰਾਹਮਣਾਂ ਨੂੰ ਭੋਜਨ ਕਰਵਾਇਆ ਜਾਂਦਾ ਸੀ।

6. ਲੋਕ ਭਲਾਈ ਸਕੀਮਾਂ: ਮਹਾਂਰਾਜਾ ਅਸ਼ੋਕ ਦੀ ਤਰ੍ਹਾਂ, ਮਹਾਰਾਜਾ ਹਰਸ਼ ਨੇ ਲੋਕ ਭਲਾਈ ਸਕੀਮਾਂ ਵੱਲ ਉਚੇਚਾ ਧਿਆਨ ਦਿੱਤਾ- ਸ਼ਹਿਰਾਂ ਅਤੇ ਪਿੰਡਾਂ ਚ ਮੁੱਖ ਸੜਕਾਂ ਉਤੇ ਧਰਮਸ਼ਾਲਾਵਾਂ ਬਣਵਾਈਆਂ, ਹਸਪਤਾਲ ਬਣਵਾਏ, ਔਸ਼ਧੀਆਂ ਲਈ ਜੜ੍ਹੀ ਬੂਟੀਆਂ ਦੀ ਖੇਤੀ ਦਾ ਪ੍ਰਬੰਧ ਕੀਤਾ, ਉਸਨੇ ਪੰਚ ਭਾਰਤ ਚ ਜੀਵ-ਜੰਤੂ ਨੂੰ ਭੋਜ਼ਨ ਜਾਂ ਮਾਸ ਲਈ ਬਲੀ ਜਾਂ ਵਧ ਕਰਨ ਉੱਤੇ ਪਾਬੰਦੀ ਲਾ ਦਿੱਤੀ। ਹਰਸ਼ ਦੇ ਰਾਜ ਕਾਲ ਚ ਭਾਰਤ ਇਕ ਖੁਸ਼ਹਾਲ ਦੇਸ਼ ਸੀ, ਦੂਜੇ ਦੇਸ਼ਾਂ ਨਾਲ ਖੁਸ਼ਕੀ ਅਤੇ ਸਮੁੰਦਰੀ ਮਾਰਗਾਂ ਰਾਹੀਂ ਵਿਉਪ-ਾਰ ਹੁੰਦਾ ਸੀ। ਹਰਸ਼ ਦੀਆਂ ਫ਼ੌਜਾਂ ਚ ਚਮੜੇ ਦੀਆਂ ਢਾਲਾਂ ਬਣਾਉਣ ਲਈ ਚਮੜਾ ਪੰਜਾਬ ਅਤੇ ਆਸਾਮ ਤੋਂ ਆਉਂਦਾ ਸੀ।

ਹਰਸ਼ ਵਰਧਨ ਇਕ ਅਜਿਹਾ ਰਾਜਾ ਸੀ, ਜਿਸਨੇ ਅਸ਼ੋਕ ਤੋਂ ਬਾਅਦ ਭਾਰਤ ਵਰਸ਼ ਅਰਥਾਤ ਜੰਬੂਦੀਪ ਨੂੰ ਇੱਕਮੁੱਠ ਕੀਤਾ।ਕਈ ਉਸਨੂੰ ' ਭਾਰਤ ਦਾ ਬਾਬਰ ' ਵੀ ਕਹਿੰਦੇ ਹਨ। ਉਹ ਬੁੱਧ ਧਰਮ ਦਾ ਰਖਵਾਲਾ ਸੀ। ਉਸਦੀ ਬੁੱਧ, ਧੱਮ ਅਤੇ ਸੰਘ ਚ ਬਹੁਤ ਆਸਥਾ ਸੀ। ਉਹ ਹਮੇਸ਼ਾ, ਭਗਵਾਨ ਬੁੱਧ ਦਾ ' ਦਸਬਲ' ਪ੍ਰਾਪਤ ਕਰਨ ਲਈ ਧਰਮ -ਕਰਮ ਚ ਦਿਨ ਰਾਤ ਲੀਨ ਰਹਿੰਦਾ ਸੀ। ਸ੍ਰੀ ਸੀ.ਵੀ.ਵੈਦਯ ਲਿਖਦੇ ਹਨ ਕਿ, " ਹਰਸ਼ ਦਾ ਸ਼ਾਸਨ ਬੀਤ ਰਹੇ ਸਮੇਂ ਦਾ ਸੁਨਹਿਰਾ ਅੰਤ ਸੀ, ਉਸ ਜੋਤ ਦੀ ਤਰ੍ਹਾਂ ਜੋ ਬੁੱਝਣ ਤੋਂ ਪਹਿਲਾਂ ਇਕ ਧਮਾਕੇਦਾਰ ਰੋਸ਼ਨੀ ਮਾਰਦੀ ਹੈ।

ਵਿਦਵਾਨਾਂ ਨੇ ਸੋਚ ਵਿਚਾਰ ਤੋਂ ਬਾਅਦ 647 ਈਸਵੀ ਨੂੰ ਮਹਾਂਰਾਜਾ ਹਰਸ਼ ਦਾ ਪਰਿਨਿਰਵਾਣ (ਦੇਹਾਂਤ) ਸਾਲ ਨਿਰਧਾਰਤ ਕੀਤਾ ਹੈ।

**ਪੁਸਤਕ ਦਾ ਭਾਗ ਪਹਿਲਾ ਸਮਾਪਤ**

**(ਚਲਦਾ)**



### ਲੇਖਕ ਨਾਲ ਜਾਣ-ਪਹਿਚਾਣ

ਸ੍ਰੀ ਹਰਮੇਸ਼ ਜੱਸਲ, ਸੰਸਥਾਪਕ ਮਲਿੰਦ ਪ੍ਰਕਾਸ਼ਨ (ਸੰਨ 2000), ਜੋ ਹੁਣ ਤੱਕ ਵੱਡੀਆਂ-ਛੋਟੀਆਂ 17 ਕਿਤਾਬਾਂ ਛਾਪ ਚੁੱਕੇ ਹਨ, ਇੱਕ ਬਹੁਪੱਖੀ ਸ਼ਖ਼ਸੀਅਤ ਹਨ। ਉਹ ਇੱਕ ਸਮਰਪਿਤ ਅੰਬੇਡਕਰੀ-ਬੋਧੀ, ਬੁੱਧੀਜੀਵੀ, ਲੇਖਕ, ਬੁਲਾਰੇ ਅਤੇ ਸਮਾਜ ਸੇਵਕ ਵਜੋਂ ਪ੍ਰਸਿੱਧ ਹਨ।

**ਸਿੱਖਿਆ** : ਉਨ੍ਹਾਂ ਦਾ ਜਨਮ, ਪਿਤਾ ਸ੍ਰੀ ਨਾਨਕ ਚੰਦ, ਮਾਤਾ ਸ੍ਰੀਮਤੀ ਕਰਤਾਰ ਕੌਰ ਦੇ ਘਰ 15 ਮਈ, 1955 ਨੂੰ ਬੂਟਾਂ ਮੰਡੀ (ਜਲੰਧਰ) ਵਿਖੇ ਹੋਇਆ। ਮੁੱਢਲੀ ਸਿੱਖਿਆ ਜੱਦੀ ਪਿੰਡ ਬਸ਼ੇਸ਼ਰਪੁਰ, ਮਿਡਲ ਲੱਲੀਆਂ ਕਲਾਂ, ਮੈਟ੍ਰਿਕ ਸਰਕਾਰੀ ਹਾਈ ਸਕੂਲ ਲਾਂਬੜਾ ਅਤੇ ਉਚੇਰੀ ਸਿੱਖਿਆ ਡੀ.ਏ.ਵੀ. ਕਾਲਜ ਜਲੰਧਰ ਤੋਂ ਉਪਰੰਤ ਐੱਮ.ਏ. ਰਾਜਨੀਤੀ ਸ਼ਾਸਤਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪ੍ਰਾਪਤ ਕੀਤੀ। ਉਹ ਅਨੇਕਾਂ ਭਾਸ਼ਾਵਾਂ-ਪੰਜਾਬੀ, ਹਿੰਦੀ, ਅੰਗ੍ਰੇਜ਼ੀ, ਉਰਦੂ ਅਤੇ ਪਾਲੀ ਦੇ ਜਾਣਕਾਰ ਹਨ।

**ਸਾਹਿਤਕ ਕਾਰਜ** : ਜਿਉਂ ਹੀ ਉਨ੍ਹਾਂ ਨੇ 1974 ਵਿਚ ਅੰਬੇਡਕਰ ਮਿਸ਼ਨ ਦਾ ਪਾਠ ਪੜ੍ਹਿਆ, ਫੇਰ ਹੋਰ ਜਾਨਣ ਦੀ ਲਾਲਸਾ ਕਦੇ ਨਹੀਂ ਮਿਟੀ। ਉਨ੍ਹਾਂ ਨੇ ਅੰਬੇਡਕਰ ਮਿਸ਼ਨ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਆਪਣੇ ਜੀਵਨ ਦਾ ਕੇਂਦਰ-ਬਿੰਦੂ ਬਣਾ ਲਿਆ। ਰੋਜ਼ਾਨਾ ਅਖਬਾਰਾਂ ਵਿਚ ਲੇਖ ਲਿਖਣ, ਅਨੁਵਾਦ ਕਰਨ, ਪੁਸਤਕ ਰਚਣ ਤੇ ਪ੍ਰਕਾਸ਼ਨ ਦਾ ਸਾਹਿਤਕ ਕਾਰਜ ਕਈ ਦਹਾਕਿਆਂ ਤੋਂ ਕਰ ਰਹੇ ਹਨ।

**ਅੰਦੋਲਨਕਰਤਾ** : ਸਮਤਾ ਸੈਨਿਕ ਦਲ ਵਲੋਂ 4 ਅਪ੍ਰੈਲ ਤੋਂ 12 ਅਪ੍ਰੈਲ, 1982 ਤੱਕ, ਬਾਬਾ ਸਾਹਿਬ ਡਾ. ਅੰਬੇਡਕਰ ਦੇ ਜਨਮ ਦਿਨ 14 ਅਪ੍ਰੈਲ ਨੂੰ ਗਜ਼ਟਿਡ ਛੁੱਟੀ ਘੋਸ਼ਿਤ ਕਰਵਾਉਣ ਲਈ ਵਿੱਢੇ ਸੰਘਰਸ਼ 'ਚ ਸ੍ਰੀ ਬਿਹਾਰੀ ਲਾਲ 'ਖ਼ਾਰ' ਵਲੋਂ ਰੱਖੇ 'ਮਰਨ ਵਰਤ ਅੰਦੋਲਨ' ਦੀ ਰੂਪ ਰੇਖਾ ਉਲੀਕਣ ਤੇ ਚਲਾਉਣ ਵਿਚ ਕੇਂਦਰੀ ਰੋਲ ਅਦਾ ਕੀਤਾ।

**ਪੱਤਰਕਾਰਤਾ** : ਰਿਪਬਲਿਕਨ ਪਾਰਟੀ ਲਈ ਕੱਢੇ ਗਏ 'ਭੀਮ ਪੱਤ੍ਰਿਕਾ' ਪੰਜਾਬੀ ਦੇ ਪ੍ਰਬੰਧਕ (ਸੰਨ 1979 ਤੋਂ 1982) ਅਤੇ ਗ਼ਦਰੀ ਬਾਬਿਆਂ ਦੇ ਅਖ਼ਬਾਰ 'ਕਿਰਤੀ' ਨੂੰ (ਸੰਨ 1984 ਤੋਂ 1988) ਤੱਕ ਸੰਪਾਦਨ ਤੇ ਪ੍ਰਕਾਸ਼ਨ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ।

**ਸੰਸਥਾਗਤ ਕਾਰਜ** : ਉਹ ਬਹੁਤ ਸਾਰੀਆਂ ਸੰਸਥਾਵਾਂ ਦੇ ਸੰਸਥਾਪਕ, ਟਰੱਸਟੀ, ਮੁੱਢਲੇ ਮੈਂਬਰ ਅਤੇ ਸਹਿਯੋਗੀ ਰਹੇ ਹਨ : (1) ਟਰੱਸਟੀ-ਅੰਬੇਡਕਰ ਭਵਨ ਟਰੱਸਟ (ਰਜਿ.) ਜਲੰਧਰ, ਟਰੱਸਟੀ-ਬੁੱਧ ਵਿਹਾਰ ਸਿਧਾਰਥ ਨਗਰ, ਜਲੰਧਰ, ਟਰੱਸਟੀ-ਅੰਬੇਡਕਰ ਪੀਸ ਪਾਗੋਡਾ, ਨਜ਼ਦੀਕ ਫਿਲੌਰ, (2) ਮੈਂਬਰ—ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.), ਪੰਜਾਬ ਬੁੱਧਿਸਟ ਸੁਸਾਇਟੀ (ਰਜਿ.), ਸਮਤਾ ਸੈਨਿਕ ਦਲ, (3) ਸੰਸਥਾਪਕ : ਡਾ. ਅੰਬੇਡਕਰ ਵੀਕਰ ਸੈਕਸ਼ਨ ਵੈਲਫੇਅਰ ਸੁਸਾਇਟੀ ਅਤੇ ਦਲਿਤ ਲਿਖਾਰੀ ਸਭਾ।

**ਮਾਣ-ਸਨਮਾਣ** : ਸ੍ਰੀ ਹਰਮੇਸ਼ ਜੱਸਲ ਜੀ ਨੂੰ ਯੂ.ਕੇ. ਦੀ ਸੰਸਥਾ F.A.B.O. ਫ਼ੈਡਰੇਸ਼ਨ ਆਫ਼ ਅੰਬੇਡਕਰਾਈਟ ਐਂਡ ਬੁੱਧਿਸਟ ਆਰਗੇਨਾਈਜ਼ੇਸ਼ਨ ਵਲੋਂ ਸਾਲ 1993 ਵਿਚ ਮੁੰਬਈ ਦੇ ਮੇਅਰ ਸ੍ਰੀ ਚੰਦਰ ਕਾਂਤ ਹੰਡੋਰੇ ਜੀ ਨੇ ਜੋ ਹੁਣ ਰਾਜ ਸਭਾ ਮੈਂਬਰ ਹਨ, 'ਭੀਮ ਰਤਨ' ਦੀ ਉਪਾਧੀ ਨਾਲ ਸਨਮਾਨਿਤ ਕੀਤਾ।

-ਰਾਮ ਪਾਲ 'ਰਾਹੀ'
ਪ੍ਰਧਾਨ, ਫ਼ੈਡਰੇਸ਼ਨ ਆਫ਼ ਅੰਬੇਡਕਰਾਈਟ ਐਂਡ ਬੁੱਧਿਸਟ ਔਰਗੇਨਾਈਜ਼ੇਸ਼ਨਜ਼ (ਯੂ.ਕੇ.)

ISBN: 978-93-344-0361-9
ਮਲਿੰਦ ਪ੍ਰਕਾਸ਼ਨ ਜਲੰਧਰ

# ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਚ ਹੋਈ ਬਾਮਸੇਫ ਦੀ ਕਨਵੈਨਸ਼ਨ ਪੰਜਾਬ ਭਰ ਤੋਂ ਬੁੱਧੀਜੀਵੀਆਂ ਨੇ ਭਾਗ ਲਿਆ











**ਜਲੰਧਰ (ਚਰਨਜੀਤ ਸੱਲ੍ਹਾ )** ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਚ ਹੋਈ ਬਾਮਸੇਫ ਦੀ ਕਨਵੈਂਸ਼ਨ ਪੰਜਾਬ ਭਰ ਤੋਂ ਆਏ ਬੁੱਧੀਜੀਵੀਆਂ ਨੇ ਪੰਜਾਬ ਦੀ ਦੁਰਦਸ਼ਾ ਦਿਸ਼ਾ ਅਤੇ ਹੱਲ ਵਿਸ਼ੇ ਤੇ ਗੰਭੀਰ ਚਿੰਤਨ ਕੀਤਾ ਇਸ ਮੌਕੇ ਮੁੱਖ ਮਹਿਮਾਨ ਸ੍ਰੀ ਰਾਮ ਜੀ ਗੌਤਮ ਸੰਸਦ ਮੈਂਬਰ ਰਾਜ ਸਭਾ,ਸ਼੍ਰੀ ਭਿਪੁਲ ਕੁਮਓਰ ਕੁਮਾਰ ਕੇਂਦਰੀ ਪ੍ਰਭਾਰੀ ਬਸਪਾ ਵਿਸ਼ੇਸ਼ ਮਹਿਮਾਨ ਅਤੇ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਸਪਾ ਪੰਜਾਬ ਨੇ ਬੁੱਧੀਜੀਵੀਆਂ ਦੀ ਕਨਵੈਂਸ਼ਨ ਨੂੰ ਮੁੱਖ ਬੁਲਾਰੇ ਵਜੋਂ ਸੰਬੋਧਨ ਕੀਤਾ ਬੁਲਾਰਿਆਂ ਨੇ ਬਸਪਾ ਦੀ ਪੰਜਾਬ ਸੰਭਾਲੋ ਮਹਿਮ ਅਤੇ ਪੰਜਾਬ ਦੇ ਮੌਜੂਦਾ ਆਰਥਿਕ ਸਮਾਜਿਕ ਰਾਜਨੀਤਿਕ ਪ੍ਰਸ਼ਾਸਨਿਕ ਹਾਲਾਤਾਂ ਤੇ ਚਿੰਤਾ ਪ੍ਰਗਟ ਕੀਤੀ ਅਤੇ ਇਸ ਦਾ ਹੱਲ ਬਸਪਾ ਦੀ ਪੰਜਾਬ ਸੰਭਾਲੋ ਮਹਿਮ ਨਾਲ ਜੁੜ ਕੇ ਕੱਢਣ ਦਾ ਸੱਦਾ ਦਿੱਤਾ ਸਮਾਗਮ ਨੂੰ ਪਰਜਾਪਤੀ ਅਜੀਤ ਸਿੰਘ ਭੈਣੀ ਸਟੇਟ ਇੰਚਾਰਜ ਬਸਪਾ ਪੰਜਾਬ, ਡਾਕਟਰ ਨਛੱਤਰਪਾਲ ਵਿਧਾਇਕ ਬਸਪਾ ਪੰਜਾਬ ਨੇ ਵੀ ਸੰਬੋਧਨ ਕੀਤਾ ਇਸ ਮੌਕੇ ਪਾਰਟੀ ਦੇ ਲੀਡਰਸ਼ਿਪ ਐਡਵੋਕੇਟ ਬਲਵਿੰਦਰ ਕੁਮਾਰ ਸਟੇਟ ਜਨਰਲ ਸੈਕਟਰੀ ਜੋਨ ਇੰਚਾਰਜ,ਸ਼੍ਰੀ ਤੀਰਥ ਰਾਜਪੁਰਾ ਜੋਨ ਇੰਚਾਰਜ, ਚੌਧਰੀ ਗੁਰਨਾਮ ਸਿੰਘ ਜੋਨ ਇੰਚਾਰਜ, ਕੁਲਵੰਤ ਸਿੰਘ ਮਹਤੋ ਜੋਨ ਇੰਚਾਰਜ ਸਟੇਟ ਜਨਰਲ ਸੈਕਟਰੀ, ਸਰਦਾਰ ਬਲਜੀਤ ਸਿੰਘ ਸਲਾਣਾ ਸਟੇਟ ਜਨਰਲ ਸੈਕਟਰੀ,ਸਟੇਟ ਜਨਰਲ ਸੈਕਟਰੀ ਹਰਭਜਨ ਬਲਾਲੋ, ਇੰਜੀਨੀਅਰ ਜਸਵੰਤ ਰਾਏ ਸਟੇਟ ਆਫਿਸ ਸੈਕਟਰੀ,ਪਰਮਜੀਤ ਮਲ ਸਟੇਟ ਕੈਸ਼ੀਅਰ,ਲੇਖ ਰਾਜ ਜਮਾਲਪੁਰੀ, ਚਰਨਜੀਤ ਲਾਲ ਕੌਂਸਲਰ, ਬੀਬੀ ਅਮਨਦੀਪ ਕੌਰ ਕੌਂਸਲਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੰਜਾਬ ਭਰ ਵਿੱਚੋਂ ਆਏ ਬੁੱਧੀਜੀਵੀਆਂ ਨੇ ਵਿਚਾਰ ਵਟਾਂਦਰੇ ਤੋਂ ਬਾਅਦ ਬਸਪਾ ਦੀ ਪੰਜਾਬ ਸੰਭਾਲੋ ਮਹਿਮ ਤੇ ਮਤਾ ਪਾਸ ਕਰਕੇ ਮੋਹਰ ਲਗਾਈ ਕਿ ਇਹ ਪੰਜਾਬ ਸੰਭਾਲੋ ਮਹਿਮ ਹੀ ਪੰਜਾਬ ਨੂੰ ਮੌਜੂਦਾ ਸੰਕਟ ਦੇ ਵਿੱਚੋਂ ਕੱਢ ਸਕਦੀ ਹੈ ਅਤੇ ਪੰਜਾਬ ਭਰ ਵਿੱਚ ਇਸ ਮਹਿਮ ਨੂੰ ਪੰਜਾਬੀਆਂ ਤੱਕ ਪਹੁੰਚਾਉਣ ਲਈ ਬੁੱਧੀਜੀਵੀ ਵਰਗ ਵੀ ਸਹਿਯੋਗ ਕਰੇਗਾ ਇਸ ਮੌਕੇ ਤੇ ਬੁੱਧੀਜੀਵੀ ਵਰਗ ਦਾ ਸਪੈਸ਼ਲ ਧੰਨਵਾਦ ਕੀਤਾ ਗਿਆ ਜਿਨਾਂ ਨੇ ਪੰਜਾਬ ਸੰਭਾਲੋ ਮਹਿਮ ਨੂੰ ਥਾਪੜਾ ਦੇ ਕੇ ਅੱਜ ਤੱਕ ਦੇ ਹਾਕਮਾ ਵੱਲੋਂ ਉਜਾੜੇ ਗਏ ਪੰਜਾਬ ਨੂੰ ਉਜਾਲੇ ਵੱਲ ਲਿਜਾਣ ਦਾ ਸੰਕਲਪ ਮਿਲਿਆ।

# ਪੀ ਏ ਯੂ -ਕੇ ਵੀ ਕੇ ਸ਼ਹੀਦ ਭਗਤ ਸਿੰਘ ਨਗਰ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਝੋਨੇ ਵਿੱਚ ਫਾਸਫੋਰਸ ਦੀ ਬਹੁਤੀ ਵਰਤੋਂ ਨੂੰ ਠੱਲ੍ਹ ਪਾਉਣ ਲਈ 'ਖੇਤ ਬਚਾਓ ਅਭਿਆਨ' ਤਹਿਤ ਵਿਸ਼ੇਸ਼ ਪਹਿਲਕਦਮੀ

**ਨਵਾਂਸ਼ਹਿਰ , 8 ਮਈ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ (ਫਆੂ-ਖੜਖ), ਲੰਗੜੋਆ ਨੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਸਹਿਯੋਗ ਨਾਲ ਬਲਾਚੌਰ ਵਿਖੇ ਸਿਖਲਾਈ ਕੈਂਪ ਦਾ ਆਯੋਜਨ ਕੀਤਾ। ਪੀ.ਏ.ਯੂ. ਲੁਧਿਆਣਾ ਅਤੇ ਆਈ.ਸੀ.ਏ.ਆਰ.-ਅਟਾਰੀ (ੀਛਅ੍-ਅਠਅ੍ਰੀ) ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ । ਇਹ ਮੁਹਿੰਮ ਡਾ. ਪ੍ਰਦੀਪ ਕੁਮਾਰ, ਐਸੋਸੀਏਟ ਡਾਇਰੈਕਟਰ (ਸਿਖਲਾਈ) ਦੀ ਯੋਗ ਰਹਿਨੁਮਾਈ ਹੇਠ ਚਲਾਈ ਜਾ ਰਹੀ ਹੈ। ਇਸ ਤਕਨੀਕੀ ਸੈਸ਼ਨ ਨੂੰ ਹੋਰ ਮਜ਼ਬੂਤ ਕਰਦਿਆਂ, ਮੁੱਖ ਖੇਤੀਬਾੜੀ ਅਫ਼ਸਰ ਡਾ. ਲੇਖ ਰਾਜ ਅਤੇ ਖੇਤੀਬਾੜੀ ਅਫ਼ਸਰ ਡਾ. ਜਗਮਨਦੀਪ ਕੌਰ ਨੇ ਕਿਸਾਨਾਂ ਨਾਲ ਸਿੱਧਾ ਸੰਵਾਦ ਰਚਾਇਆ। ਉਨ੍ਹਾਂ ਨੇ ਵੱਖ-ਵੱਖ ਸਰਕਾਰੀ ਖੇਤੀਬਾੜੀ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਜੋ ਇਸ ਵਾਤਾਵਰਣਕ ਤਬਦੀਲੀ ਦੌਰਾਨ ਕਿਸਾਨਾਂ ਨੂੰ ਆਰਥਿਕ ਸਹਾਇਤਾ ਪ੍ਰਦਾਨ ਕਰਦੀਆਂ ਹਨ। ਇਸ ਤੋਂ ਇਲਾਵਾ, ਉਨ੍ਹਾਂ ਨੇ ਹਾਜ਼ਰੀਨ ਨੂੰ "ਖਾਦਾਂ ਦੀ ਸੰਤੁਲਿਤ ਅਤੇ ਸਮਝਦਾਰੀ ਨਾਲ ਵਰਤੋਂ ਬਾਰੇ ਸਿਖਲਾਈ ਦਿੱਤੀ ਅਤੇ ਖੇਡ ਰਾਹੀਂ ਸਮਝਾਇਆ ਕਿ ਕਿਸ ਤਰ੍ਹਾਂ ਹਿਸਾਬ-ਕਿਤਾਬ ਨਾਲ ਪਾਈ ਗਈ ਖਾਦ ਲਾਗਤ ਖਰਚਿਆਂ ਨੂੰ ਘਟਾਉਂਦੀ ਹੈ ਅਤੇ ਮਿੱਟੀ ਦੀ



ਉਪਜਾਊ ਸ਼ਕਤੀ ਨੂੰ ਵੀ ਸੁਰੱਖਿਅਤ ਰੱਖਦੀ ਹੈ।ਡਾ. ਜਸਵਿੰਦਰ ਕੁਮਾਰ, ਅਸਿਸਟੈਂਟ ਪ੍ਰੋਫੈਸਰ (ਫ਼ਸਲ ਵਿਗਿਆਨ) ਨੇ ਆਉਣ ਵਾਲੇ ਝੋਨੇ ਦੇ ਸੀਜ਼ਨ ਵਿੱਚ ਯੂਰੀਆ ਅਤੇ ਫਾਸਫੋਰਸ ਦੀ ਸੁਚੱਜੀ ਵਰਤੋਂ 'ਤੇ ਮੁੱਖ ਫੋਕਸ ਰੱਖਿਆ। ਉਨ੍ਹਾਂ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਇਸ ਪੜਾਅ 'ਤੇ ਜੰਤਰ (ਹਰੀ ਖਾਦ) ਦੀਆਂ ਫ਼ਸਲਾਂ ਦੀ ਬੀਜਾਈ ਕਰਨਾ ਵਾਯੂਮੰਡਲ ਦੀ ਨਾਈਟ੍ਰੋਜਨ ਨੂੰ ਜ਼ਮੀਨ ਵਿੱਚ ਸਥਿਰ ਕਰਨ ਦਾ ਸਭ ਤੋਂ ਕਿਫ਼ਾਇਤੀ ਤਰੀਕਾ ਹੈ। ਉਨ੍ਹਾਂ ਦੱਸਿਆ ਕਿ ਇਹ ਤਰੀਕਾ ਜਿੱਥੇ ਮਹਿੰਗੀਆਂ ਰਸਾਇਣਕ ਖਾਦਾਂ 'ਤੇ ਨਿਰਭਰਤਾ ਨੂੰ ਕਾਫ਼ੀ ਹੱਦ ਤੱਕ ਘਟਾਉਂਦਾ ਹੈ, ਉੱਥੇ ਹੀ ਝੋਨੇ ਦੀ ਲਵਾਈ ਤੋਂ ਪਹਿਲਾਂ ਮਿੱਟੀ ਦੇ ਆਰਗੈਨਿਕ ਕਾਰਬਨ (ਜੈਵਿਕ ਮਾਦੇ) ਨੂੰ ਵੀ ਭਰਪੂਰ ਮਾਤਰਾ ਵਿੱਚ ਵਧਾਉਂਦਾ ਹੈ। ਮਿੱਟੀ ਦੀ ਸਿਹਤ ਅਤੇ ਪਸ਼ੂਧਨ ਦੀ ਤੰਦਰੁਸਤੀ ਵਿਚਕਾਰ ਸਬੰਧ ਜੋੜਦਿਆਂ, ਡਾ. ਤੇਜਬੀਰ ਸਿੰਘ (ਪਸ਼ੂ ਵਿਗਿਆਨ) ਨੇ ਚਾਨਣਾ ਪਾਇਆ ਕਿ ਕਿਸ ਤਰ੍ਹਾਂ ਖੇਤ ਬਚਾਓ ਮੁਹਿੰਮ ਦੇ ਉਦੇਸ਼ ਸਿੱਧੇ ਤੌਰ 'ਤੇ ਡੇਅਰੀ ਫਾਰਮਿੰਗ ਨੂੰ ਪ੍ਰਭਾਵਿਤ ਕਰਦੇ ਹਨ। ਉਨ੍ਹਾਂ ਚੇਤਾਵਨੀ ਦਿੱਤੀ ਕਿ ਰਸਾਇਣਕ ਜ਼ਹਿਰੀਲਾਪਣ ਸਿਰਫ਼ ਮਿੱਟੀ ਤੱਕ ਹੀ ਸੀਮਤ ਨਹੀਂ ਰਹਿੰਦਾ ਖਾਦਾਂ ਦਾ ਵਹਾਅ ਅਤੇ ਭਾਰੀ ਰਹਿੰਦ-ਖੂੰਹਦ ਸਥਾਨਕ ਚਾਰੇ ਦੀਆਂ ਫ਼ਸਲਾਂ ਵਿੱਚ ਵੀ ਰਚ ਜਾਂਦੇ ਹਨ। ਇਸ ਦੂਸ਼ਿਤ ਚਾਰੇ ਦਾ ਲਗਾਤਾਰ ਸੇਵਨ ਪਸ਼ੂਆਂ ਵਿੱਚ ਪੇਟ ਦੇ ਰੋਗਾਂ ਅਤੇ ਪ੍ਰਜਨਨ (ਗਰਭ ਧਾਰਨ) ਸਬੰਧੀ ਸਮੱਸਿਆਵਾਂ ਦਾ ਮੁੱਖ ਕਾਰਨ ਬਣਦਾ ਹੈ, ਜਿਸ ਕਰਕੇ ਪਸ਼ੂਆਂ ਦੀ ਸਿਹਤ ਲਈ ਵਾਤਾਵਰਣ-ਪੱਖੀ ਖੇਤੀ ਵੱਲ ਮੁੜਨਾ ਬਹੁਤ ਜ਼ਰੂਰੀ ਹੈ।'ਖੇਤ ਬਚਾਓ ਅਭਿਆਨ' ਸਪੱਸ਼ਟ ਤੌਰ 'ਤੇ ਰੇਖਾਂਕਿਤ ਕਰਦਾ ਹੈ ਕਿ ਰਸਾਇਣਕ-ਸੰਘਣੀ ਖੇਤੀ ਤੋਂ ਕਿਨਾਰਾ ਕਰਨਾ ਵਾਤਾਵਰਣ ਦੀ ਲੋੜ ਵੀ ਹੈ ਅਤੇ ਆਰਥਿਕ ਲਾਭ ਵੀ ਬਾਇਓ-ਫਾਰਮੂਲੇਸ਼ਨਾਂ ਹਰੀ ਖਾਦ ਅਤੇ ਸਰਕਾਰੀ ਸਕੀਮਾਂ ਦੇ ਲਾਭਾਂ ਬਾਰੇ ਅਮਲੀ ਸਿਖਲਾਈ ਦੇ ਕੇ, ਕੇ.ਵੀ.ਕੇ. ਲੰਗੜੋਆ ਪੰਜਾਬ ਦੇ ਕਿਸਾਨਾਂ ਨੂੰ ਇੱਕ ਸਵੈ-ਨਿਰਭਰ, ਜ਼ਹਿਰ-ਮੁਕਤ ਅਤੇ ਮੁਨਾਫ਼ੇ ਵਾਲਾ ਖੇਤੀਬਾੜੀ ਤੰਤਰ ਸਿਰਜਣ ਲਈ ਸਫ਼ਲਤਾਪੂਰਵਕ ਸਮਰੱਥ ਬਣਾ ਰਿਹਾ ਹੈ।

# ਡਾਲਰ ਗੀਤ ਨਾਲ ਫਿਰ ਚਰਚਾ 'ਚ ਆਇਆ ਗਾਇਕ ਰੂਪ ਸਿੰਘਾਨੀਆ

**ਬਲਾਚੌਰ, 8 ਜੂਨ (ਜਤਿੰਦਰ ਪਾਲ ਸਿੰਘ ਕਲੇਰ )-** ਨੇੜਲੇ ਪਿੰਡ ਗਹੂੰਣ ਦੇ ਜੰਮਪਲ ਮਸ਼ਹੂਰ ਗੀਤਕਾਰ ਤੋਂ ਗਾਇਕ ਬਣੇ ਰੂਪ ਸਿੰਘਾਨੀਆ ਆਪਣੇ ਨਵੇਂ ਗੀਤ 'ਡਾਲਰ' ਨਾਲ ਇੱਕ ਵਾਰ ਫਿਰ ਚਰਚਾ ਵਿੱਚ ਹਨ। ਜਿੰਦਗੀ ਦਾ ਗੇੜ ਗੀਤ ਤੋਂ ਬਾਅਦ ਆਏ ਹੁਣ


ਗਾਇਕ ਰੂਪ ਸਿੰਘਾਨੀਆ।

ਇਸ 'ਡਾਲਰ' ਗੀਤ ਨੇ ਰੂਪ ਸਿੰਘਾਨੀਆ ਦੀ ਕਾਮਯਾਬੀ ਨੂੰ ਅਜਿਹਾ ਗੇੜਾ ਦਿੱਤਾ ਕਿ ਉਸ ਨੂੰ ਸਥਾਪਿਤ ਗਾਇਕਾਂ ਵਿੱਚ ਲਿਆ ਖੜਾ ਕਰ ਦਿੱਤਾ ਹੈ। ਰੂਪ ਆਪਣੀ ਮਿਹਨਤ ਅਤੇ ਲਗਨ ਨਾਲ ਦਿਨ ਪ੍ਰਤੀ ਦਿਨ ਕਾਮਯਾਬੀ ਦੀਆਂ ਪੌੜੀਆਂ ਚੱੜਦਾ ਜਾ ਰਿਹਾ ਹੈ। ਗਾਇਕ ਰੂਪ ਸਿੰਘਾਨੀਆ ਜਿਥੇ ਆਪਣੇ ਗੀਤਾਂ ਰਾਹੀਂ ਲੋਕਾਂ ਦੇ ਦਿਲਾਂ 'ਤੇ ਰਾਜ ਕਰ ਰਿਹਾ ਹੈ, ਉਥੇ ਹੀ ਸਾਥੀ ਗਾਇਕਾਂ ਜੈਸਮੀਨ ਖਾਨ ਨਾਲ ਮਿਲਕੇ ਲਾਈਵ ਸਟੇਜ, ਜਾਗਰਣ ਅਤੇ ਖੁੱਲ੍ਹੇ ਅਖਾੜੇ ਵੀ ਕਰ ਰਿਹਾ ਹੈ।

# ਗਾਰ ਨਾਲ ਭਰੀ ਟਰਾਲੀ ਦੇ ਪਿੱਛੇ ਕੈਂਟਰ ਗੱਡੀ ਵੱਜਣ ਨਾਲ ਟਰਾਲੀ ਪਲਟੀ

**ਨਵਾਂਸ਼ਹਿਰ /ਕਾਠਗੜ੍ਹ 8 ਮਈ (ਜਤਿੰਦਰ ਪਾਲ ਸਿੰਘ ਕਲੇਰ** )ਰੋਪੜ੍ਹ ਬਲਾਚੌਰ ਨੈਸ਼ਨਲ ਨੈਸ਼ਨਲ ਹਾਈਵੇ ਤੇ ਨੇੜੇ ਪਿੰਡ ਟੌਂਸਾ ਦੇ ਸੈਂਟਰੀਏਂਟ ਫੈਕਟਰੀ ਸਾਹ-ਮਣੇ ਐਕਸੀਡੈਂਟ ਹੋਣ ਦਾ ਸਮਾਚਾਰ ਪ੍ਰਾਪਤ ਹੈ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਕੁਲਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਹਗੀਰ ਤੋਂ ਸੂਚਨਾ ਪ੍ਰਾਪਤ ਹੋਈ ਕਿ ਸੈਂਟਰੀਏਂਟ ਫੈਕਟਰੀ ਸਾਮਣੇ,ਟੌਂਸਾ ਕੋਲ ਐਕਸੀਡੈਂਟ ਹੋਇਆ ਹੈ ਤਾਂ ਉਹਨਾਂ ਨੇ ਤਰੁੰਤ ਜਾ ਕੇ ਦੇਖਿਆ ਕਿ ਮੌਕੇ 'ਤੇ ਪਹੁੰਚ ਕੇ ਇੱਕ ਕੈਂਟਰ ਗੱਡੀ ਜਿਸ ਦਾ ਨੰਬਰ ਐਚ ਪੀ 72ਬੀ 7349 ਜਿਸ ਨੂੰ ਵਿਪਨ ਕੁਮਾਰ ਪੁੱਤਰ ਰਾਜ ਕੁਮਾਰ, ਵਾਸੀ ਸ਼ਕੁੰਤਲਾ ਨਿਵਾਸ, ਕਸੁਮਪਟੀ, ਸ਼ਿਮਲਾ, ਹਿਮਾਚਲ ਪ੍ਰਦੇਸ਼ ਚਲਾ ਰਿਹਾ ਸੀ ਜੋ ਕੇ ਬਲਾਚੌਰ ਸਾਇਡ ਤੋਂ ਚੰਡੀਗੜ੍ਹ ਜਾ ਰਿਹਾ ਸੀ ਜਦੋਂ ਇਹ ਕੈਂਟਰ ਉਪਰੋਕਤ ਸਥਾਨ ਤੇ ਪਹੁੰਚੀਆਂ ਤਾਂ ਇਸ ਅੱਗੇ ਜਾ ਰਹੇ ਟ੍ਰੈਕਟਰ ਟਰਾਲੀ ਜਿਸ ਨੂੰ ਸੁਖਵਿੰਦਰ ਸਿੰਘ ਪੁੱਤਰ ਹਰੀ ਸਿੰਘ, ਵਾਸੀ ਰਾਈਪੁਰ ਮਾਜਰਾ ਚਲਾ ਰਿਹਾ ਸੀ ਜੋ ਕਿ ਟਰੈਕਟਰ ਟਰਾਲੀ ਵਿੱਚ ਸ੍ਰੀਆਂਸ਼ ਪੇਪਰ ਮਿੱਲ ਦੀ ਗਾਰ(ਦਲਦਲ ) ਭਰੀ ਹੋਈ ਸੀ ਅਤੇ ਕੈਂਟਰ ਚਾਲਕ ਨੇ ਟਰਾਲੀ ਨੂੰ ਪਿੱਛੋਂ ਜ਼ੋਰਦ-ਾਰ ਟੱਕਰ ਮਾਰ ਦਿੱਤੀ ਜਿਸ ਨਾਲ ਟਰਾਲੀ ਪਲਟ ਗਈ ਅਤੇ ਟ੍ਰੈਕਟਰ ਸਵਾਰ ਜ਼ਖ਼ਮੀ




**ਨੈਸ਼ਨਲ ਹਾਈਵੇ ਦੇ ਵਿਚਕਾਰ ਪਲਟੀ ਟਰਾਲੀ ਅਤੇ ਨੁਕਸਾਨੀ ਗਈ ਅਤੇ ਬੁਰੀ ਤਰ੍ਹਾਂ ਨਾਲ ਨੁਕਸਾਨੀ ਗਈ ਕੈਂਟਰ ਗੱਡੀ ਦੀਆਂ ਤਸਵੀਰਾਂ ਦਾ ਦ੍ਰਿਸ ।**

ਹੋ ਗਿਆ। ਜਿਸ ਨੂੰ ਉਸਦੇ ਪਰਿਵਾਰਿਕ ਮੈਂਬਰਾਂ ਦੁਬਾਰਾ ਪ੍ਰਾਈਵੇਟ ਵਹੀਕਲ ਵਿੱਚ ਪਾ ਕੇ ਇਲਾਜ਼ ਲਈ ਹਸਪਤਾਲ ਪਹੁੰਚਾਇਆ ਗਿਆ ।ਅਤੇ ਟਰਾਲੀ ਪਲਟਨ ਨਾਲ ਟਰਾਲੀ ਵਿੱਚ ਲੱਦੀ ਗਾਰ (ਦਲਦਲ ) ਸੜਕ ਤੇ ਖਿੱਲਰ ਗਈ ਜਿਸ ਨਾਲ ਆਵਾਜਾਈ ਬੰਦ ਹੋ ਗਈ ਐਸ ਐਸ ਐਫ ਦੀ ਟੀਮ ਵਲੋਂ ਨੈਸ਼ਨਲ ਹਾਈਵੇ ਅਥਾਰਟੀ ਦੀ ਰਿਕਵਰੀ ਵੈਨ ਨਾਲ ਟਰਾਲੀ ਨੂੰ ਸਿੱਧਾ ਕਰਵਾਇਆ ਅਤੇ ਆਵਾਜਾਈ ਕੱਟ ਤੋਂ ਦੂਸਰੇ ਵਾਸਤੇ ਨੂੰ ਚਾਲੂ ਕਰਵਾਈਆਂ ਅਤੇ ਫਿਰ ਮੌਕੇ ਤੇ ਫਾਈਰ ਬ੍ਰਿਗੇਡ ਦੀ ਗੱਡੀ ਮੰਗਵਾ ਕੇ ਪਾਣੀ ਨਾਲ ਸਾਰੀ ਗਾਰ ਸਾਫ ਕਰਕੇ ਆਵਾਜਾਈ ਨੂੰ ਸੁਚਾਰੂ ਨਾਲ ਬਹਾਲ ਕਰਵਾਈਆਂ ਅਤੇ ਹਾਦਸੇ ਵਿੱਚ ਕੈਂਟਰ ਗੱਡੀ ਬੁਰੀ ਤਰ੍ਹਾਂ ਨਾਲ ਨੁਕਸਾਨੀ ਗਈ ਗਈ ਇਸ ਹਾਦਸੇ ਸਬੰਧੀ ਚੌਕੀ ਆਸਰੋਂ ਅਤੇ ਕੰਟ੍ਰੋਲਰ ਰੂਮ ਨਵਾਂਸ਼ਹਿਰ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

# ਪਿੰਡ ਕਾਹਲੋਂ ਵਿਖੇ 36ਵਾਂ ਵਿਸ਼ਾਲ ਸਲਾਨਾ ਜੋੜ ਮੇਲਾ 14 ਅਤੇ 15 ਜੂਨ ਨੂੰ, ਤਿਆਰੀਆਂ ਮੁਕੰਮਲ

**ਨਵਾਂਸ਼ਹਿਰ /ਕਾਠਗੜ੍ਹ , 8 ਜੂਨ (ਜਤਿੰਦਰ ਪਾਲ ਸਿੰਘ ਕਲੇਰ** ) : ਯਾਦਗਾਰ ਐਂਡ ਡਿਵੈਲਪਮੈਂਟ ਕਮੇਟੀ ਇੰਡੀਆ ਵੱਲੋਂ ਸਮੂਹ ਨਗਰ ਨਿਵਾਸੀਆਂ, ਪ੍ਰਬੰਧਕ ਕਮੇਟੀ ਅਤੇ ਗ੍ਰਾਮ ਪੰਚਾਇਤ ਪਿੰਡ ਕਾਹਲੋਂ ਦੇ ਸਹਿਯੋਗ ਨਾਲ ਵਡੇਰਿਆਂ ਦੀ ਯਾਦ ਵਿੱਚ 36ਵਾਂ ਵਿਸ਼ਾਲ ਸਲਾਨਾ ਜੋੜ ਮੇਲਾ ਮਿਤੀ 14 ਅਤੇ 15 ਜੂਨ 2026, ਦਿਨ ਐਤਵਾਰ ਅਤੇ ਸੋਮਵਾਰ (ਹਾੜ ਦੀ ਸੰਗਰਾਂਦ ਨੂੰ) ਪਿੰਡ ਕਾਹਲੋਂ ਨਜ਼ਦੀਕ ਰਾਹੋਂ (ਸ਼ਹੀਦ ਭਗਤ ਸਿੰਘ ਨਗਰ) ਵਿਖੇ ਬੜੀ ਸ਼ਰਧਾ, ਉਤਸ਼ਾਹ ਅਤੇ ਧੂਮਧਾਮ ਨਾਲ ਕਰਵਾਇਆ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੈਕਟਰੀ ਅਮਰੀਕ ਸਿੰਘ ਭੁੱਟਾ (ਮੀਕਾ) ਨੱਥਾ ਨੰਗਲ ਨੇ ਦੱਸਿਆ ਕਿ ਮੇਲੇ ਨੂੰ ਸਫ਼ਲ ਬਣਾਉਣ ਲਈ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਉਨ੍ਹਾਂ ਪ੍ਰੋਗਰਾਮ ਦੀ ਰੂਪਰੇਖਾ ਸਾਂਝੀ ਕਰਦਿਆਂ ਦੱਸਿਆ ਕਿ ਪਹਿਲੇ ਦਿਨ 14 ਜੂਨ ਦਿਨ ਐਤਵਾਰ ਨੂੰ ਸ਼ਾਮ 7 ਵਜੇ ਪਵਿੱਤਰ



ਚਿਰਾਗ ਰੌਸ਼ਨ ਕੀਤੇ ਜਾਣਗੇ। ਉਨ੍ਹਾਂ ਅੱਗੇ ਦੱਸਿਆ ਕਿ ਦੂਜੇ ਦਿਨ 15 ਜੂਨ ਦਿਨ ਸੋਮਵਾਰ ਨੂੰ ਸਵੇਰੇ 9 ਵਜੇ ਨਿਸ਼ਾਨ ਸਾਹਿਬ ਦੀ ਰਸਮ ਪੂਰੀ ਸ਼ਰਧਾ ਨਾਲ ਅਦਾ ਕੀਤੀ ਜਾਵੇਗੀ, ਜਿਸ ਦੇ ਨਾਲ ਹੀ ਚਾਹ ਦਾ ਲੰਗਰ ਅਟੁੱਟ ਵਰਤਣਾ ਸ਼ੁਰੂ ਹੋ ਜਾਵੇਗਾ। ਇਸ ਤੋਂ ਬਾਅਦ ਸਵੇਰੇ 10 ਵਜੇ ਗੁਰੂ ਕਾ ਲੰਗਰ ਸ਼ੁਰੂ ਕੀਤਾ ਜਾਵੇਗਾ। 11 ਵਜੇ ਤੋਂ 12 ਵਜੇ ਤੱਕ ਸੰਗਤਾਂ ਨਾਲ ਸਾਂਝੀ ਗੱਲਬਾਤ ਹੋਵੇਗੀ, ਜਿਸ ਤੋਂ ਤੁਰੰਤ ਬਾਅਦ ਦੁਪਹਿਰ 12 ਵਜੇ ਤੋਂ ਸ਼ਾਮ 4 ਵਜੇ ਤੱਕ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਜਾਵੇਗਾ। ਇਸ ਸੱਭਿਆਚਾਰਕ ਸਟੇਜ ਦੌਰਾਨ ਨਾਮਵਰ ਕਲਾਕਾਰ ਨਿਰਮਲ ਨਿੰਮਾ (ਮਿਊਜ਼ੀਕਲ ਗਰੁੱਪ) ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਆਪਣੀ ਗਾਇਕੀ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਦੂਰ-ਦੁਰਾਡੇ ਬੈਠੀਆਂ ਸੰਗਤਾਂ ਲਈ ਇਸ ਮੇਲੇ ਦਾ ਸਿੱਧਾ ਪ੍ਰਸਾਰਣ ਲਾਈਵ ਦਿਖਾਇਆ ਜਾਵੇਗਾ।

ਖ਼ਬਰ ਦੀ ਹੋਰ ਜਾਣਕਾਰੀ ਦਿੰਦਿਆਂ ਸੈਕਟਰੀ ਅਮਰੀਕ ਸਿੰਘ ਨੇ ਦੱਸਿਆ ਕਿ ਕਮੇਟੀ ਦੇ ਮੁੱਖ ਪ੍ਰਬੰਧਕਾਂ, ਜਿਨ੍ਹਾਂ ਵਿੱਚ ਪ੍ਰਧਾਨ ਸੋਹਣ ਲਾਲ ਚੰਡੀਗੜ੍ਹ, ਉਪ ਪ੍ਰਧਾਨ ਤਰਸੇਮ ਲਾਲ ਕਾਸਾਬਾਦ, ਕੈਸ਼ੀਅਰ ਰੇਸ਼ਮ ਸਿੰਘ ਹੈਡ ਕੈਸ਼ੀਅਰ, ਅਸ਼ਨੀ ਕੁਮਾਰ, ਬਖਸ਼ੀ ਰਾਮ, ਸੀਤਾ ਰਾਮ, ਹੁਕਮ ਸਿੰਘ, ਕ੍ਰਿਸ਼ਨ ਭੁੱਟਾ ਐਡਵੋਕੇਟ ਅਤੇ ਅਮਰਜੀਤ ਕਾਹਲੋਂ ਸਣੇ ਹੋਰ ਸਮੂਹ ਅਹੁਦੇਦਾਰ ਨੇ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਉਹ ਨਿਸ਼ਚਿਤ ਸਮੇਂ 'ਤੇ ਪਰਿਵਾਰਾਂ ਸਮੇਤ ਇਸ ਜੋੜ ਮੇਲੇ ਵਿੱਚ ਹੁੰਮਹੁਮਾ ਕੇ ਪਹੁੰਚਣ। ਕਮੇਟੀ ਵੱਲੋਂ ਖਾਸ ਤੌਰ 'ਤੇ ਇਹ ਵੀ ਬੇਨਤੀ ਕੀਤੀ ਗਈ ਹੈ ਕਿ ਮੇਲੇ ਦੀ ਪਵਿੱਤਰਤਾ ਨੂੰ ਬਣਾਈ ਰੱਖਣ ਲਈ ਕੋਈ ਵੀ ਵਿਅਕਤੀ ਨਸ਼ਾ ਜਾਂ ਸ਼ਰਾਬ ਪੀ ਕੇ ਮੇਲਾ ਸਥਾਨ 'ਤੇ ਆਉਣ ਦੀ ਕੋਸ਼ਿਸ਼ ਨਾ ਕਰੇ।

# ਕਾਠਗੜ੍ਹ ਹਸਪਤਾਲ ਦੀ ਦੁਰਦਸ਼ਾ 'ਤੇ ਰਾਜਾ ਵੜਿੰਗ ਦੀ ਫੇਰੀ ਮਹਿਜ਼ ਸਿਆਸੀ ਡਰਾਮੇਬਾਜ਼ੀ, ਕਾਂਗਰਸ ਆਪਣੇ ਪੰਜ ਸਾਲਾਂ ਦਾ ਹਿਸਾਬ ਦੇਵੇ: ਐਡਵੋਕੇਟ ਰਾਜਵਿੰਦਰ ਲੱਕੀ

**ਨਵਾਂਸ਼ਹਿਰ , 8 ਜੂਨ (ਜਤਿੰਦਰ ਪਾਲ ਸਿੰਘ ਕਲੇਰ) :** ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਤੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਰਾਜਵਿੰਦਰ ਲੱਕੀ ਨੇ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਬੀਤੇ ਦਿਨੀਂ ਕਾਠਗੜ੍ਹ ਦੇ ਸਰਕਾਰੀ ਹਸਪਤਾਲ ਦੇ ਕੀਤੇ ਗਏ ਦੌਰੇ ਨੂੰ ਸਿਆਸੀ ਡਰਾਮੇਬਾਜ਼ੀ ਕਰਾਰ ਦਿੱਤਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਲੱਕੀ ਨੇ ਕਿਹਾ ਕਿ ਰਾਜਾ ਵੜਿੰਗ ਦਾ ਹਸਪਤਾਲ ਦਾ ਦੌਰਾ ਕਰਨਾ ਅਤੇ ਉੱਥੋਂ ਦੇ ਮਾੜੇ ਪ੍ਰਬੰਧਾਂ ਨੂੰ ਉਜਾਗਰ ਕਰਨਾ ਬਿਲਕੁਲ ਸਹੀ ਹੈ, ਕਿਉਂਕਿ ਪਿਛਲੇ ਲੰਮੇ ਸਮੇਂ ਤੋਂ ਇਸ ਸਰਕਾਰੀ ਹਸਪਤਾਲ ਦੀ ਹਾਲਤ ਬੇਹੱਦ ਚਿੰਤਾਜਨਕ ਬਣੀ ਹੋਈ ਹੈ। ਹਸਪਤਾਲ ਸਹੀ ਢੰਗ ਨਾਲ ਚੱਲ ਨਹੀਂ ਰਿਹਾ, ਉੱਥੇ ਨਾ ਤਾਂ ਲੋੜੀਂਦੇ ਡਾਕਟਰ ਹਨ, ਨਾ ਮਰੀਜ਼ਾਂ ਲਈ ਦਵਾਈਆਂ ਮੌਜੂਦ ਹਨ ਅਤੇ ਨਾ ਹੀ ਇਲਾਜ ਲਈ ਕੋਈ ਆਧੁਨਿਕ ਮਸ਼ੀਨਰੀ ਉਪਲਬਧ ਹੈ। ਪਰ ਇਸ ਦੇ ਨਾਲ ਹੀ ਉਨ੍ਹਾਂ ਰਾਜਾ ਵੜਿੰਗ ਨੂੰ ਸ਼ੀਸ਼ਾ ਦਿਖਾਉਂਦਿਆਂ ਯਾਦ ਕਰਵਾਇਆ ਕਿ ਜਿਹੜੇ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਅੱਜ ਉਨ੍ਹਾਂ ਦੇ ਨਾਲ ਘੁੰਮ ਰਹੇ ਹਨ, ਸਾਲ 2017 ਤੋਂ 2022 ਤੱਕ ਸੂਬੇ ਵਿੱਚ ਉਨ੍ਹਾਂ ਦੀ ਆਪਣੀ ਕਾਂਗਰਸ ਸਰਕਾਰ ਸੀ ਅਤੇ ਉਨ੍ਹਾਂ ਦੇ ਪਿਤਾ ਜੀ ਇੱਥੋਂ ਕਾਂਗਰਸ ਪਾਰਟੀ ਦੇ ਵਿਧਾਇਕ (ਐਮ.ਐਲ.ਏ.) ਸਨ।

ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਨੇ ਤਿੱਖੇ ਸਵਾਲ ਕਰਦਿਆਂ ਕਿਹਾ ਕਿ ਜਦੋਂ ਪੰਜ ਸਾਲ ਕਾਂਗਰਸ ਸੱਤਾ ਵਿੱਚ ਸੀ, ਉਦੋਂ ਵੀ ਇਸ ਸਰਕਾਰੀ



ਹਸਪਤਾਲ ਦੇ ਹਾਲਾਤ ਬਿਲਕੁਲ ਇਹੀ ਸਨ, ਨਾ ਉਦੋਂ ਹਸਪਤਾਲ ਸੁਚਾਰੂ ਰੂਪ ਵਿੱਚ ਚੱਲ ਸਕਿਆ, ਨਾ ਡਾਕਟਰਾਂ ਦੀ ਤਾਇਨਾਤੀ ਹੋਈ ਅਤੇ ਨਾ ਹੀ ਦਵਾਈਆਂ ਜਾਂ ਮਸ਼ੀਨਰੀ ਦਾ ਕੋਈ ਪ੍ਰਬੰਧ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਆਪਣੇ ਰਾਜ ਦੌਰਾਨ ਹਸਪਤਾਲਾਂ ਦਾ ਸੁਧਾਰ ਨਹੀਂ ਕਰ ਸਕੇ, ਅੱਜ ਉਹੀ ਲੋਕ ਇੱਥੇ ਆ ਕੇ ਮਗਰਮੱਛ ਦੇ ਹੰਝੂ ਵਹਾ ਰਹੇ ਹਨ, ਜੋ ਕਿ ਸਿਰਫ਼ ਲੋਕਾਂ ਨੂੰ ਗੁੰਮਰਾਹ ਕਰਨ ਦਾ ਇੱਕ ਪੈਂਤੜਾ ਹੈ। ਕਾਂਗਰਸੀ ਆਗੂਆਂ ਨੂੰ ਅੱਜ ਅਜਿਹੇ ਡਰਾਮੇ ਕਰਕੇ ਜਨਤਾ ਦੇ ਸਾਹਮਣੇ ਸੁਰਖੀਆਂ ਬਟੋਰਨ ਦੀ ਬਜਾਏ ਆਪਣੇ ਉਹ ਪੰਜ ਸਾਲ ਜ਼ਰੂਰ ਯਾਦ ਕਰਨੇ ਚਾਹੀਦੇ ਹਨ, ਜਦੋਂ ਜਨਤਾ ਨੇ ਉਨ੍ਹਾਂ ਨੂੰ ਸੇਵਾ ਦਾ ਮੌਕਾ ਦਿੱਤਾ ਸੀ ਪਰ ਉਨ੍ਹਾਂ ਨੇ ਉਹ ਕੀਮਤੀ ਸਮਾਂ ਬੇਕਾਰ ਲੰਘਾ ਦਿੱਤਾ। ਉਨ੍ਹਾਂ ਕਿਹਾ ਕਿ ਕਾਂਗਰਸ ਦੀਆਂ ਇਨ੍ਹਾਂ ਲੋਕ-ਵਿਰੋਧੀ ਨੀਤੀਆਂ ਕਾਰਨ ਹੀ ਜਨਤਾ ਨੇ ਉਨ੍ਹਾਂ ਦਾ ਜੋ ਹਾਲ ਚੋਣਾਂ ਵਿੱਚ ਕੀਤਾ, ਉਹ ਸਭ ਦੇ ਸਾਹਮਣੇ ਹੈ ਅਤੇ ਹੁਣ ਇਹੀ ਹਾਲ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਵੀ ਹੋਣ ਵਾਲਾ ਹੈ, ਇਸ ਲਈ ਹੁਣ ਸਿਆਸੀ ਰੋਟੀਆਂ ਸੇਕਣ ਲਈ ਅਜਿਹੇ ਡਰਾਮੇ ਕਰਨ ਦਾ ਕਾਂਗਰਸ ਨੂੰ ਕੋਈ ਫਾਇਦਾ ਨਹੀਂ ਹੋਵੇਗਾ।

# ਫੀਫਾ ਵਿਸ਼ਵ ਕੱਪ 2026 : ਫੁੱਟਬਾਲ ਦੇ ਇਤਿਹਾਸ ਦਾ ਸਭ ਤੋਂ ਵਿਸ਼ਾਲ ਮਹਾਂਕੁੰਭ (11 ਜੂਨ ਤੋਂ 19 ਜੁਲਾਈ)

ਫੁੱਟਬਾਲ ਦੁਨੀਆ ਦੀ ਸਭ ਤੋਂ ਲੋਕਪ੍ਰਿਯ ਖੇਡ ਹੈ ਅਤੇ ਫੀਫਾ ਵਿਸ਼ਵ ਕੱਪ ਇਸ ਖੇਡ ਦਾ ਸਭ ਤੋਂ ਵੱਡਾ ਅਤੇ ਮਾਣਯੋਗ ਮੁਕਾਬਲਾ ਮੰਨਿਆ ਜਾਂਦਾ ਹੈ। ਹਰ ਚਾਰ ਸਾਲ ਬਾਅਦ ਹੋਣ ਵਾਲੇ ਇਸ ਮਹਾਂ ਟੂਰਨਾਮੈਂਟ ਦੀ ਉਡੀਕ ਸੰਸਾਰ ਭਰ ਦੇ ਅਰਬਾਂ ਖੇਡ ਪ੍ਰੇਮੀ ਕਰਦੇ ਹਨ। 11 ਜੂਨ 2026 ਤੋਂ ਆਰੰਭ ਹੋਣ ਵਾਲਾ ਫੀਫਾ ਵਿਸ਼ਵ ਕੱਪ ਕਈ ਕਾਰਨਾਂ ਕਰਕੇ ਇਤਿਹਾਸਕ ਮਹੱਤਵ ਰੱਖਦਾ ਹੈ। ਇਹ ਪਹਿਲਾ ਵਿਸ਼ਵ ਕੱਪ ਹੋਵੇਗਾ ਜਿਸ ਵਿੱਚ 48 ਟੀਮਾਂ ਹਿੱਸਾ ਲੈਣਗੀਆਂ ਅਤੇ ਜਿਸ ਦੀ ਮੇਜ਼ਬਾਨੀ ਤਿੰਨ ਦੇਸ਼—ਅਮਰੀਕਾ, ਕੈਨੇਡਾ ਅਤੇ ਮੈਕਸੀਕੋ—ਸਾਂਝੇ ਤੌਰ 'ਤੇ ਕਰਨਗੇ। ਇਹ ਟੂਰਨਾਮੈਂਟ ਫੁੱਟਬਾਲ ਦੇ ਵਿਸ਼ਵ ਪੱਧਰੀ ਵਿਕਾਸ ਅਤੇ ਇਸ ਦੀ ਵਧਦੀ ਲੋਕਪ੍ਰਿਯਤਾ ਦਾ ਪ੍ਰਤੀਕ ਹੋਵੇਗਾ।

ਫੀਫਾ ਵਿਸ਼ਵ ਕੱਪ ਦਾ ਇਤਿਹਾਸ-

ਫੀਫਾ ਵਿਸ਼ਵ ਕੱਪ ਦੀ ਸ਼ੁਰੂਆਤ 1930 ਵਿੱਚ ਹੋਈ ਸੀ, ਜਦੋਂ ਪਹਿਲਾ ਟੂਰਨਾਮੈਂਟ ਉਰੂਗਵੇ ਵਿੱਚ ਕਰਵਾਇਆ ਗਿਆ। ਉਦੋਂ ਤੋਂ ਇਹ ਮੁਕਾਬਲਾ ਦੁਨੀਆ ਦੀ ਸਭ ਤੋਂ ਵੱਡੀ ਖੇਡ ਘਟਨਾ ਵਜੋਂ ਉਭਰਿਆ ਹੈ। ਬ੍ਰਾਜ਼ੀਲ ਪੰਜ ਵਾਰ ਖ਼ਿਤਾਬ ਜਿੱਤ ਕੇ ਸਭ ਤੋਂ ਸਫਲ ਟੀਮ ਹੈ, ਜਦਕਿ ਜਰਮਨੀ ਅਤੇ ਇਟਲੀ ਨੇ ਚਾਰ-ਚਾਰ ਵਾਰ ਇਹ ਮਾਣ ਹਾਸਲ ਕੀਤਾ ਹੈ। ਅਰਜਨਟੀਨਾ ਨੇ 2022 ਵਿੱਚ ਕਤਰ ਵਿਸ਼ਵ ਕੱਪ ਜਿੱਤ ਕੇ ਆਪਣਾ ਤੀਜਾ ਖ਼ਿਤਾਬ ਜਿੱਤਿਆ ਸੀ।

**ਫੀਫਾ ਵਿਸ਼ਵ ਕੱਪ 2026 ਦੀ ਵਿਲੱਖਣਤਾ-**

2026 ਦਾ ਵਿਸ਼ਵ ਕੱਪ ਕਈ ਨਵੇਂ ਰਿਕਾਰਡ ਸਥਾਪਿਤ ਕਰੇਗਾ। ਪਹਿਲੀ ਵਾਰ ਤਿੰਨ ਦੇਸ਼ ਇਕੱਠੇ ਇਸ ਟੂਰਨਾਮੈਂਟ ਦੀ ਮੇਜ਼ਬਾਨੀ ਕਰਨਗੇ। ਇਸ ਨਾਲ ਨਾ ਸਿਰਫ਼ ਫੁੱਟਬਾਲ ਦਾ ਵਿਸਤਾਰ ਹੋਵੇਗਾ ਸਗੋਂ ਅੰਤਰਰਾਸ਼ਟਰੀ ਸਹਿਯੋਗ ਦੀ ਵੀ ਮਿਸਾਲ ਕਾਇਮ ਹੋਵੇਗੀ। ਮੈਕਸੀਕੋ ਦੁਨੀਆ ਦਾ ਪਹਿਲਾ ਦੇਸ਼ ਬਣੇਗਾ ਜੋ ਤੀਜੀ ਵਾਰ ਵਿਸ਼ਵ ਕੱਪ ਦੀ ਮੇਜ਼ਬਾਨੀ ਕਰੇਗਾ। ਇਸ ਤੋਂ ਪਹਿਲਾਂ ਮੈਕਸੀਕੋ ਨੇ 1970 ਅਤੇ 1986 ਵਿੱਚ ਵੀ ਵਿਸ਼ਵ ਕੱਪ ਦੀ ਮੇਜ਼ਬਾਨੀ ਕੀਤੀ ਸੀ। ਅਮਰੀਕਾ 1994 ਤੋਂ ਬਾਅਦ ਦੁਬਾਰਾ ਇਸ ਮਹਾਂ ਮੁਕਾਬਲੇ ਦੀ ਮੇਜ਼ਬਾਨੀ ਕਰੇਗਾ, ਜਦਕਿ ਕੈਨੇਡਾ ਪਹਿਲੀ ਵਾਰ ਪੁਰਸ਼ ਵਿਸ਼ਵ ਕੱਪ ਦੀ ਮੇਜ਼ਬਾਨੀ ਕਰੇਗਾ।

**ਨਵਾਂ ਫਾਰਮੈਟ ਅਤੇ ਵਧੀਆਂ ਟੀਮਾਂ-**

ਫੀਫਾ ਨੇ ਵਿਸ਼ਵ ਕੱਪ ਨੂੰ ਹੋਰ ਸਮਾਵੇਸ਼ੀ ਬਣਾਉਣ ਲਈ ਟੀਮਾਂ ਦੀ ਗਿਣਤੀ 32 ਤੋਂ ਵਧਾ ਕੇ 48 ਕਰ ਦਿੱਤੀ ਹੈ। ਨਵੇਂ ਫਾਰਮੈਟ ਤਹਿਤ 12 ਗਰੁੱਪ ਬਣਾਏ ਜਾਣਗੇ ਅਤੇ ਹਰ ਗਰੁੱਪ ਵਿੱਚ 4 ਟੀਮਾਂ ਹੋਣਗੀਆਂ। ਗਰੁੱਪ ਪੜਾਅ ਤੋਂ ਬਾਅਦ 32 ਟੀਮਾਂ ਨਾਕਆਊਟ ਦੌਰ ਵਿੱਚ ਪਹੁੰਚਣਗੀਆਂ। ਇਸ ਨਵੇਂ ਢਾਂਚੇ ਕਾਰਨ ਮੈਚਾਂ ਦੀ ਕੁੱਲ ਗਿਣਤੀ 64 ਤੋਂ ਵਧ ਕੇ 104 ਹੋ ਜਾਵੇਗੀ। ਇਸ ਨਾਲ ਏਸ਼ੀਆ, ਅਫ਼ਰੀਕਾ, ਉੱਤਰੀ ਅਮਰੀਕਾ ਅਤੇ ਓਸ਼ੀਆਨੀਆ ਦੇ ਹੋਰ ਦੇਸ਼ਾਂ ਨੂੰ ਵਿਸ਼ਵ ਕੱਪ ਵਿੱਚ ਭਾਗ ਲੈਣ ਦਾ ਮੌਕਾ ਮਿਲੇਗਾ।

**ਮੇਜ਼ਬਾਨ ਸ਼ਹਿਰ ਅਤੇ ਸਟੇਡੀਅਮ-**

ਫੀਫਾ ਵਿਸ਼ਵ ਕੱਪ 2026 ਦੇ ਮੈਚ 16 ਪ੍ਰਮੁੱਖ ਸ਼ਹਿਰਾਂ ਵਿੱਚ ਖੇਡੇ ਜਾਣਗੇ। ਇਨ੍ਹਾਂ ਵਿੱਚ ਨਿਊਯਾਰਕ, ਲਾਸ ਏਂਜਲਸ, ਮਿਆਮੀ, ਡੱਲਾਸ, ਹਿਊਸਟਨ, ਸੀਏਟਲ, ਬੋਸਟਨ, ਟੋਰਾਂਟੋ, ਵੈਨਕੂਵਰ, ਮੈਕਸੀਕੋ ਸਿਟੀ, ਗੁਆਡਾਲਾਹਾਰਾ ਅਤੇ ਮੋਂਟੇਰੇ ਵਰਗੇ ਸ਼ਹਿਰ ਸ਼ਾਮਲ ਹਨ। ਇਨ੍ਹਾਂ ਸਟੇਡੀਅਮਾਂ ਵਿੱਚ ਆਧੁਨਿਕ ਤਕਨਾਲੋਜੀ, ਸੁਰੱਖਿਆ ਪ੍ਰਬੰਧ ਅਤੇ ਲੱਖਾਂ ਦਰਸ਼ਕਾਂ ਲਈ ਉੱਚ ਪੱਧਰੀ ਸਹੂਲਤਾਂ ਉਪਲਬਧ ਹੋਣਗੀਆਂ। ਫਾਈਨਲ ਮੈਚ ਦੇ ਆਯੋਜਨ ਲਈ ਵੀ ਵਿਸ਼ਵ-ਪੱਧਰੀ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

**ਪ੍ਰਮੁੱਖ ਦਾਅਵੇਦਾਰ ਟੀਮਾਂ-**

ਹਰ ਵਿਸ਼ਵ ਕੱਪ ਵਾਂਗ ਇਸ ਵਾਰ ਵੀ ਕਈ ਤਾਕਤਵਰ ਟੀਮਾਂ ਖ਼ਿਤਾਬ ਦੀ ਦੌੜ ਵਿੱਚ ਹੋਣਗੀਆਂ।




**ਅਰਜਨਟੀਨਾ** - ਮੌਜੂਦਾ ਚੈਂਪੀਅਨ ਹੋਣ ਦੇ ਨਾਤੇ ਟੀਮ ਆਪਣਾ ਖ਼ਿਤਾਬ ਬਚਾਉਣ ਦੀ ਕੋਸ਼ਿਸ਼ ਕਰੇਗੀ।

**ਬ੍ਰਾਜ਼ੀਲ** - ਪੰਜ ਵਾਰ ਦੀ ਵਿਸ਼ਵ ਚੈਂਪੀਅਨ ਟੀਮ ਹਮੇਸ਼ਾ ਖ਼ਿਤਾਬ ਦੀ ਮਜ਼ਬੂਤ ਦਾਅਵੇਦਾਰ ਰਹਿੰਦੀ ਹੈ।

**ਫਰਾਂਸ** - ਪਿਛਲੇ ਦੋ ਵਿਸ਼ਵ ਕੱਪਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੀ ਟੀਮ ਮੁੜ ਸਿਖਰ 'ਤੇ ਪਹੁੰਚਣਾ ਚਾਹੇਗੀ।

**ਜਰਮਨੀ** - ਚਾਰ ਵਾਰ ਦੀ ਚੈਂਪੀਅਨ ਟੀਮ ਆਪਣੀ ਪੁਰਾਣੀ ਸ਼ਾਨ ਮੁੜ ਹਾਸਲ ਕਰਨ ਲਈ ਬੇਤਾਬ ਹੋਵੇਗੀ।

ਸਪੇਨ, ਇੰਗਲੈਂਡ ਅਤੇ ਪੁਰਤਗਾਲ - ਇਹ ਟੀਮਾਂ ਵੀ ਆਪਣੇ ਹੁਨਰ ਅਤੇ ਤਜਰਬੇ ਦੇ ਆਧਾਰ 'ਤੇ ਖ਼ਿਤਾਬ ਲਈ ਮਜ਼ਬੂਤ ਚੁਣੌਤੀ ਪੇਸ਼ ਕਰਨਗੀਆਂ।

**ਨਵੀਆਂ ਟੀਮਾਂ ਲਈ ਮੌਕੇ-**

ਟੀਮਾਂ ਦੀ ਗਿਣਤੀ ਵਧਣ ਨਾਲ ਕਈ ਛੋਟੇ ਅਤੇ ਵਿਕਾਸਸ਼ੀਲ ਫੁੱਟਬਾਲ ਦੇਸ਼ਾਂ ਨੂੰ ਪਹਿਲੀ ਵਾਰ ਵਿਸ਼ਵ ਕੱਪ ਵਿੱਚ ਖੇਡਣ ਦਾ ਮੌਕਾ ਮਿਲ ਸਕਦਾ ਹੈ। ਇਹ ਕਦਮ ਫੀਫਾ ਦੀ ਉਸ ਨੀਤੀ ਨੂੰ ਦਰਸਾਉਂਦਾ ਹੈ ਜਿਸਦਾ ਉਦੇਸ਼ ਫੁੱਟਬਾਲ ਨੂੰ ਹਰ ਮਹਾਂਦੀਪ ਅਤੇ ਹਰ ਦੇਸ਼ ਤੱਕ ਪਹੁੰਚਾਉਣਾ ਹੈ।

**ਆਰਥਿਕ ਅਤੇ ਸਮਾਜਿਕ ਪ੍ਰਭਾਵ-**

ਫੀਫਾ ਵਿਸ਼ਵ ਕੱਪ ਸਿਰਫ਼ ਖੇਡ ਮੁਕਾਬਲਾ ਨਹੀਂ, ਸਗੋਂ ਆਰਥਿਕ ਵਿਕਾਸ ਦਾ ਵੀ ਇੱਕ ਮਹੱਤਵਪੂਰਨ ਸਾਧਨ ਹੈ। ਟੂਰਨਾਮੈਂਟ ਦੌਰਾਨ ਲੱਖਾਂ ਸੈਲਾਨੀ ਮੇਜ਼ਬਾਨ ਦੇਸ਼ਾਂ ਵਿੱਚ ਪਹੁੰਚਣਗੇ, ਜਿਸ ਨਾਲ ਹੋਟਲ, ਰੈਸਟੋਰੈਂਟ, ਆਵਾਜਾਈ ਅਤੇ ਸੈਰ-ਸਪਾਟਾ ਉਦਯੋਗ ਨੂੰ ਵੱਡਾ ਲਾਭ ਹੋਵੇਗਾ। ਇਸ ਦੇ ਨਾਲ ਹੀ ਵੱਖ-ਵੱਖ ਦੇਸ਼ਾਂ ਦੇ ਲੋਕਾਂ ਵਿਚਕਾਰ ਸੱਭਿਆਚਾਰਕ ਆਦਾਨ-ਪ੍ਰਦਾਨ ਅਤੇ ਭਾਈਚਾਰੇ ਦੀ ਭਾਵਨਾ ਨੂੰ ਵੀ ਮਜ਼ਬੂਤੀ ਮਿਲੇਗੀ। ਖੇਡਾਂ ਰਾਹੀਂ ਸ਼ਾਂਤੀ, ਏਕਤਾ ਅਤੇ ਦੋਸਤੀ ਦਾ ਸੰਦੇਸ਼ ਸੰਸਾਰ ਭਰ ਵਿੱਚ ਫੈਲੇਗਾ।

ਤਕਨਾਲੋਜੀ ਦੀ ਭੂਮਿਕਾ-

2026 ਦਾ ਵਿਸ਼ਵ ਕੱਪ ਆਧੁਨਿਕ ਤਕਨਾਲੋਜੀ ਨਾਲ ਭਰਪੂਰ ਹੋਵੇਗਾ। ਵੀਡੀਓ ਅਸਿਸਟੈਂਟ ਰੈਫਰੀ (ੜਅ੍ਰ), ਗੋਲ-ਲਾਈਨ ਤਕਨਾਲੋਜੀ, ਉੱਨਤ ਡਾਟਾ ਵਿਸ਼ਲੇਸ਼ਣ ਅਤੇ ਡਿਜ਼ੀਟਲ ਪ੍ਰਸਾਰਣ ਪ੍ਰਣਾਲੀਆਂ ਦਰਸ਼ਕਾਂ ਦੇ ਤਜਰਬੇ ਨੂੰ ਹੋਰ ਬਿਹਤਰ ਬਣਾਉਣਗੀਆਂ।

ਨੌਜਵਾਨਾਂ ਲਈ ਪ੍ਰੇਰਣਾ-

ਫੀਫਾ ਵਿਸ਼ਵ ਕੱਪ ਨੌਜਵਾਨ ਖਿਡਾਰੀਆਂ ਲਈ ਇੱਕ ਵੱਡੀ ਪ੍ਰੇਰਣਾ ਹੈ। ਇਸ ਟੂਰਨਾਮੈਂਟ ਵਿੱਚ ਦੁਨੀਆ ਦੇ ਸਰਵੋਤਮ ਖਿਡਾਰੀਆਂ ਦਾ ਪ੍ਰਦਰਸ਼ਨ ਦੇਖ ਕੇ ਨਵੀਂ ਪੀੜ੍ਹੀ ਖੇਡਾਂ ਵੱਲ ਆਕਰਸ਼ਿਤ ਹੁੰਦੀ ਹੈ। ਇਹ ਮੁਕਾਬਲਾ ਮਿਹਨਤ, ਅਨੁਸ਼ਾਸਨ ਅਤੇ ਟੀਮ ਭਾਵਨਾ ਦੀ ਮਹੱਤਤਾ ਨੂੰ ਵੀ ਦਰਸਾਉਂਦਾ ਹੈ।

**ਸਿੱਟਾ-**

ਫੀਫਾ ਵਿਸ਼ਵ ਕੱਪ 2026 ਫੁੱਟਬਾਲ ਦੇ ਇਤਿਹਾਸ ਦਾ ਸਭ ਤੋਂ ਵਿਸ਼ਾਲ, ਰੋਮਾਂਚਕ ਅਤੇ ਯਾਦਗਾਰ ਟੂਰਨਾਮੈਂਟ ਸਾਬਤ ਹੋਣ ਦੀ ਸੰਭਾਵਨਾ ਰੱਖਦਾ ਹੈ। 48 ਟੀਮਾਂ, 104 ਮੈਚਾਂ, ਤਿੰਨ ਮੇਜ਼ਬਾਨ ਦੇਸ਼ਾਂ ਅਤੇ ਲੱਖਾਂ ਪ੍ਰਸ਼ੰਸਕਾਂ ਦੀ ਮੌਜੂਦਗੀ ਇਸ ਨੂੰ ਖੇਡ ਜਗਤ ਦਾ ਸਭ ਤੋਂ ਵੱਡਾ ਉਤਸਵ ਬਣਾਏਗੀ। ਇਹ ਟੂਰਨਾਮੈਂਟ ਨਾ ਸਿਰਫ਼ ਇੱਕ ਨਵੇਂ ਵਿਸ਼ਵ ਚੈਂਪੀਅਨ ਨੂੰ ਜਨਮ ਦੇਵੇਗਾ, ਸਗੋਂ ਖੇਡਾਂ ਰਾਹੀਂ ਵਿਸ਼ਵ ਏਕਤਾ ਅਤੇ ਮਨੁੱਖੀ ਭਾਈਚਾਰੇ ਦਾ ਸੰਦੇਸ਼ ਵੀ ਫੈਲਾਏਗਾ। ਇਸ ਲਈ ਸੰਸਾਰ ਭਰ ਦੇ ਫੁੱਟਬਾਲ ਪ੍ਰੇਮੀ ਬੇਸਬਰੀ ਨਾਲ ਫੀਫਾ ਵਿਸ਼ਵ ਕੱਪ 2026 ਦੀ ਉਡੀਕ ਕਰ ਰਹੇ ਹਨ।


-



**ਨਵਨੀਤ ਸਿੰਘ,**
**9814509900**

# ਗੈਂਟ (ਬੈਲਜੀਅਮ) ਵਿਖੇ ਜੂਨ 1984 ਦੇ ਸ਼ਹੀਦਾਂ ਦੀ ਯਾਦ ਵਿੱਚ ਸ਼ਹੀਦੀ ਸਮਾਗਮ ਕਰਵਾਇਆ ਗਿਆ; ਦੋ ਇਤਿਹਾਸਕ ਪੁਸਤਕਾਂ ਰਿਲੀਜ਼-ਭਾਈ ਮਨਜੋਤ ਸਿੰਘ

**ਗੈਂਟ, ਬੈਲਜੀਅਮ-7 ਜੂਨ 2026-(ਰਸ਼ਪਿੰਦਰ ਕੌਰ ਗਿੱਲ):** ਗੁਰਦੁਆਰਾ ਮਾਤਾ ਸਾਹਿਬ ਕੌਰ ਗੈਂਟ (ਬੈਲਜੀਅਮ) ਵਿਖੇ ਸਿੱਖ ਜਥੇਬੰਦੀਆਂ ਅਤੇ ਸਮੂਹ ਸਾਧ ਸੰਗਤ ਵੱਲੋਂ 7 ਜੂਨ ਨੂੰ ਜੂਨ 1984 ਦੇ ਘੱਲੂਘਾਰੇ ਦੀ 42ਵੀਂ ਵਰ੍ਹੇਗੰਢ ਮੌਕੇ ਸ਼ਹੀਦਾਂ ਦੀ ਯਾਦ ਵਿੱਚ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਕਵੀਸ਼ਰ ਭਾਈ ਤਰਸੇਮ ਸਿੰਘ ਜੋਸ਼ ਅਤੇ ਬਾਬਾ ਬਲਵਿੰਦਰ ਸਿੰਘ ਵੱਲੋਂ ਬੀਰ-ਰਸੀ ਕਵੀਸ਼ਰੀ ਵਾਰਾਂ ਰਾਹੀਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਸਮੂਹ ਸੰਗਤ ਨੇ ਸ਼ਹੀਦਾਂ ਦੇ ਚਰਨਾਂ ਵਿੱਚ ਸ਼ਰਧਾ ਦੇ ਫੁੱਲ ਅਰਪਿਤ ਕੀਤੇ। ਸਮਾਗਮ ਦੌਰਾਨ ਸੰਗਤ ਨਾਲ ਵਿਚਾਰ ਸਾਂਝੇ ਕਰਦਿਆਂ ਭਾਈ ਮਨਜੋਤ ਸਿੰਘ ਭੂਰਾ ਨੇ ਕਿਹਾ ਕਿ ਸਮੂਹ ਸਾਧ ਸੰਗਤ ਨੂੰ ਸ਼ਹੀਦਾਂ ਦੀ ਯਾਦ ਵਿੱਚ ਇਕੱਠੇ ਹੋ ਕੇ ਹਰ ਸਾਲ 1 ਤੋਂ 10 ਜੂਨ ਤੱਕ ਸ਼ਹੀਦੀ ਸਮਾਗਮ ਕਰਵਾਉਣੇ ਚਾਹੀਦੇ ਹਨ। ਉਨ੍ਹਾਂ ਨੇ ਸਿੱਖ ਬੱਚਿਆਂ ਨੂੰ ਆਪਣੇ ਅਮੀਰ ਇਤਿਹਾਸ ਅਤੇ ਸਾਹਿਤ (ਲਿਟਰੇਚਰ) ਨਾਲ ਜੋੜਨ ਦੀ ਅਪੀਲ ਵੀ ਕੀਤੀ। ਭਾਈ ਭੂਰਾ ਨੇ ਅੱਗੇ




ਕਿਹਾ ਕਿ ਭਾਰਤੀ ਹਕੂਮਤ ਵੱਲੋਂ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਗੁਰਧਾਮਾਂ 'ਤੇ ਫ਼ੌਜ ਚਾੜ੍ਹ ਕੇ ਜੋ ਅਤਿਆਚਾਰ ਕੀਤਾ ਗਿਆ ਸੀ, ਉਸ ਦੀ ਸੱਚੀ ਤੇ ਸੁੱਚੀ ਸ਼ਰਧਾਂਜਲੀ ਅਤੇ ਇਨਸਾਫ਼ ਸਿਰਫ਼ 'ਖਾਲਿਸਤਾਨ' ਦੀ ਪ੍ਰਾਪਤੀ ਨਾਲ ਹੀ ਸੰਭਵ ਹੈ, ਜੋ ਕਿ 20ਵੀਂ ਸਦੀ ਦੇ ਮਹਾਨ ਜਰਨੈਲ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਬਚਨ ਸਨ।

ਇਸ ਪ੍ਰੋਗਰਾਮ ਦੌਰਾਨ ਦੋ ਇਤਿਹਾਸਕ ਪੁਸਤਕਾਂ ਵੀ ਰਿਲੀਜ਼ ਕੀਤੀਆਂ ਗਈਆਂ। ਪਹਿਲੀ ਪੁਸਤਕ "ਸਿੱਦਕੀ ਤੇ ਸੰਘਰਸ਼ੀ" ਪੇਸ਼ ਕੀਤੀ ਗਈ, ਜਿਸ ਦੇ ਲੇਖਕ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਸੰਪਾਦਕ ਬੀਬੀ ਰਸ਼ਪਿੰਦਰ ਕੌਰ ਗਿੱਲ ਹਨ। ਦੂਜੀ ਪੁਸਤਕ "ਤਵਾਰੀਖ ਬੱਬਰ ਖਾਲਸਾ" ਰਿਲੀਜ਼ ਕੀਤੀ ਗਈ, ਜਿਸ ਨੂੰ ਕਰਮਜੀਤ ਸਿੰਘ ਸਿੱਖਾਂਵਾਲਾ ਵੱਲੋਂ ਸੰਪਾਦਿਤ ਕੀਤਾ ਗਿਆ ਹੈ।

ਸਮਾਗਮ ਦੇ ਅਖੀਰ ਵਿੱਚ ਭਾਈ ਗੁਰਦਿਆਲ ਸਿੰਘ ਢਕਾਣਸੂ ਅਤੇ ਭਾਈ ਮਨਜੋਤ ਸਿੰਘ ਭੂਰਾ ਵੱਲੋਂ ਸਮੂਹ ਸੰਗਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਤਹਿ-ਦਿਲੋਂ ਧੰਨਵਾਦ ਕੀਤਾ ਗਿਆ।



# ਸਤਪਾਲ ਸਿਘ ਜੌਹਲ: ਚਰਿੱਤਰ, ਸੇਵਾ ਅਤੇ ਦਲੇਰੀ ਦਾ ਸੁਮੇਲ

ਬਹੁਤੀਆਂ ਪਬਲਿਕ ਸਖਸ਼ੀਅਤਾਂ ਨੂੰ ਉਨ੍ਹਾਂ ਦੇ ਨਾਹਰਿਆਂ ਅਤੇ ਗੱਲਾਂ ਕਰ ਕੇ ਜਾਣਿਆ-ਪਛਾਣਿਆ ਜਾਂਦਾ ਹੈ ਪਰ ਸਤਪਾਲ ਸਿੰਘ ਜੌਹਲ ਨੂੰ ਉਨ੍ਹਾਂ ਦੇ ਅਮਲੀ ਕੰਮਾਂ ਅਤੇ ਨਿੱਘੇ ਵਰਤ-ਵਰਤਾਓ ਕਰ ਕੇ ਵੱਧ ਜਾਣਿਆ ਜਾਂਦਾ ਹੈ। ਰਸਮੀ ਤੌਰ ’ਤੇ ਓਹ ਓਂਟਾਰੀਓ ਸੂਬੇ ਦੇ ਬਰੈਂਪਟਨ ਸ਼ਹਿਰ ਦੇ 9 ਅਤੇ 10 ਵਾਰਡਾਂ ਦੇ ਸਕੂਲ ਟਰਸਟੀ ਹਨ। ਪਰ ਪੰਜਾਬੀ ਭਾਈਚਾਰੇ ’ਚ ਓਹ ਸੁਚਾਰੂ ਮੀਡੀਆ ਕੰਮਾਂ ਅਤੇ ਪਰਵਾਸ ਨਾਲ਼ ਜੁੜੀਆਂ ਜਨਤਕ ਸੇਵਾਵਾਂ ਕਰ ਕੇ ਵੱਧ ਨਾਮਨਾ ਖੱਟ ਚੁੱਕੇ ਹਨ। ਇਨ੍ਹਾਂ ਸਭ ਕੰਮਾਂ ਨੂੰ ਇਕੱਠੇ ਕਰਨ ਨਾਲ਼ ਉਨ੍ਹਾਂ ਦੀ ਸਖਸ਼ੀਅਤ ਇੱਕ ਮਦਦਗਾਰ ਵਿਅਕਤੀ, ਮਿਠ-ਬੋਲੇ, ਬੇ-ਬਾਕ ਅਤੇ ਦਲੇਰ ਸਖਸ਼ ਦੇ ਤੌਰ ’ਤੇ ਉੱਭਰੀ ਹੈ।


ਉਨ੍ਹਾਂ ਦੇ ਸਮਰਥਕ ਇੱਕ ਗੱਲ ਚੰਗੀ ਤਰ੍ਹਾਂ ਜਾਣਦੇ ਹਨ ਕਿ ਜਦ ਕੋਈ ਕੰਮ ਗਲਤ ਹੋ ਰਿਹਾ ਹੋਵੇ ਤਾਂ ਓਹ ਉਸ ਵਿਰੁਧ ਖੜੇ ਹੋਣ ਲਈ ਪਿਛਾਂਹ ਨਹੀਂ ਰਹਿੰਦੇ। ਉਨ੍ਹਾਂ ਦੀ ਇਹ ਪਛਾਣ ਅੱਜ ਹੋਰ ਵੀ ਮਹੱਤਵ-ਪੂਰਨ ਬਣ ਜਾਂਦੀ ਹੈ, ਕਿਉਂਕਿ ਓਹ 26 ਅਕਤੂਬਰ ਨੂੰ ਹੋਣ ਵਾਲ਼ੀਆਂ ਬਰੈਂਪਟਨ ਦੀਆਂ ਮਿਊਂਸਪਲ ਚੋਣਾਂ ’ਚ ਰਿਜਨਲ ਕਾਉਂਸਲਰ ਲਈ ਉਮੀਦਵਾਰ ਹਨ। ਉਨ੍ਹਾਂ ਦੀ ਜਨਤਕ ਛਵੀ ਉਨ੍ਹਾਂ ਦੇ ਅਮਲਾਂ ਅਤੇ ਉਨ੍ਹਾਂ ਦੀਆਂ ਪ੍ਰਭਾਵ-ਕਾਰੀ ਕਾਰਵਾਈਆਂ ’ਚੋ ਉਪਜੀ ਹੈ, ਕਿਸੇ ਲਿਫਾਫੇਬਾਜੀ ’ਚੋਂ ਨਹੀਂ। ਇਹ ਛਵੀ ਇਕੱਲੇ ਦਫਤਰੀ ਕੰਮਾਂ ਕਰ ਕੇ ਨਹੀਂ ਬਣੀ ਬਲਕਿ ਉਨ੍ਹਾਂ ਦੇ ਪਬਲਿਕ ਵਿੱਚ ਵਿਚਰਣ ਦੇ ਅਸਰ-ਦਾਰ ਤਰੀਕਿਆਂ, ਲੋਕਾਂ ਨਾਲ਼ ਵਿਚਾਰ-ਵਟਾਂਦਰਿਆਂ ਅਤੇ ਉਨ੍ਹਾਂ ਦੇ ਸੁਹਿਰਦ ਸੰਬੰਧਾਂ ਕਰ ਕੇ ਬਣੀ ਹੈ। ਉਨ੍ਹਾਂ ਨੂੰ ਮਿਲਣਾ ਬਹੁਤ ਸੁਖਾਲ਼ਾ ਹੈ ਅਤੇ ਇਹ ਗੱਲ ਇਸ ਸ਼ਹਿਰ ’ਚ ਬਹੁਤ ਮਹੱਤਵ ਰਖਦੀ ਹੈ ਜਿੱਥੇ ਪਬਲਿਕ ਨੂੰ ਸਿੱਧੀ ਅਤੇ ਠੋਸ ਮਦਦ ਦੀ ਲੋੜ ਹੈ, ਨਾਂ ਕਿ ਗੱਲਾਂ ਦੇ ਕੜਾਹ ਦੀ।

ਪਬਲਿਕ ਦੀਆਂ ਨਜਰਾਂ ’ਚ ਓਹ ਪੰਜਾਬੀ ਮੀਡੀਆ, ਲੋਕਲ ਤਪਸਰਿਆਂ ਅਤੇ ਪਰਿਵਾਸ-ਸੰਬੰਧੀ ਮਸਲਿਆਂ ਨਾਲ਼ ਜੁੜੇ ਹੋਏ ਹਨ। ਇਸ ਤਰ੍ਹਾਂ ਓਹ ਪਬਲਿਕ ਦੇ ਰੋਜ-ਮਰਾ ਜੀਵਨ ਦੇ ਜਰੂਰੀ ਮਸਲਿਆਂ ਬਾਰੇ ਪੂਰੀ ਜਾਣਕਾਰੀ ਰਖਦੇ ਹਨ ਅਤੇ ਉਨ੍ਹਾਂ ਦੀ ਅਵਾਜ ਨੂੰ ਹੋਰ ਬੁਲੰਦ ਕਰਦੇ ਹਨ। ਇਸ ਤਰ੍ਹਾਂ ਜਮੀਨੀ ਹਕੀਕਤਾਂ ਨਾਲ਼ ਜੁੜੇ ਰਹਿਣ ਕਰ ਕੇ ਓਹ ਬਰੈਂਪਟਨ ਨਿਵਾਸੀਆਂ ਦੀਆਂ ਸਭ ਸਮੱਸਿਆਵਾਂ ਤੋਂ ਪੂਰੀ ਤਰ੍ਹਾਂ ਵਾਕਫ ਹਨ ਅਤੇ ਇਨ੍ਹਾਂ ਦੀਆਂ ਬਰੀਕੀਆਂ ਸਮਝਦੇ ਹਨ । ਇਨ੍ਹਾਂ ਬਾਰੇ ਹਰ ਸਟੇਜ ਤੋਂ ਪੂਰੀ ਸਪਸ਼ਟਤਾ ਨਾਲ਼ ਅਤੇ ਖੁਲ੍ਹ ਕੇ ਬੋਲਦੇ ਹਨ।

ਮੀਡੀਆ ਦਾ ਤਜਰਬਾ ਇਨਸਾਨ ਨੂੰ ਬਹੁਤ ਕੀਮਤੀ ਸਬਕ ਸਿਖਾਉਂਦਾ ਹੈ ਪਰ ਇੱਥੇ ਕੀਤੀ ਛੋਟੀ ਜਿਹੀ ਕੁਤਾਹੀ ਵੀ ਪਬਲਿਕ ’ਚ ਬਣੀ ਹੋਈ ਭੱਲ ਨੂੰ ਢਾਹ ਲਾ ਦਿੰਦੀ ਹੈ। ਜੌਹਲ ਸਾਹਿਬ ਇਸ ਗੱਲ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਹਨ ਅਤੇ ਉਨ੍ਹਾਂ ਦਾ ਸਟਾਈਲ ਇਸ ਅਸਲੀਅਤ ’ਚ ਪੂਰਾ ਫਿੱਟ ਬੈਠਦਾ ਹੈ। ਓਹ ਸਪਸ਼ਟ ਅਤੇ ਸਿੱਧੀ ਗੱਲ ਕਰਦੇ ਹਨ ਜਿਸ ਕਰ ਕੇ ਲੋਕ ਉਨ੍ਹਾਂ ਨੂੰ ਧਿਆਨ ਨਾਲ਼ ਸੁਣਦੇ ਹਨ।

ਜਦ ਲੋਕਲ ਮਸਲੇ ਜਾਂ ਪਰਿਵਾਸ ਨਾਲ਼ ਜੁੜੀਆਂ ਗੱਲਾਂ ਕਾਨੂੰਨੀ ਗੁੰਝਲ਼ਾਂ ’ਚ ਫਸ ਜਾਂਦੀਆਂ ਹਨ ਤਾਂ ਪਰਿਵਾਰਾਂ ਨੂੰ ਕਿਸੇ ਐਸੀ ਪਰਸਨੈਲਿਟੀ ਦੀ ਲੋੜ ਪੈਂਦੀ ਹੈ ਜੋ ਉਨ੍ਹਾਂ ਨੂੰ ਸਰਲ ਬੋਲਾਂ ’ਚ ਸਮਝਾ ਸਕੇ। ਬਰੈਂਪਟਨ ’ਚ ਇਸ ਤਰ੍ਹਾਂ ਦੀਆਂ ਸਿੱਧੀਆਂ-ਸਪਸ਼ਟ ਗੱਲਾਂ ਦੀ ਬਹੁਤ ਲੋੜ ਹੈ, ਜਿੱਥੇ ਜਨਤਾ ਲੋਕਲ ਅਤੇ ਸੰਸਾਰ ਪੱਧਰ - ਦੋਹਾਂ ਦੀਆਂ ਗੱਲਾਂ ਜਾਣਨਾ ਪਸੰਦ ਕਰਦੀ ਹੈ। ਇੱਥੇ ਜਿਹੜਾ ਕੋਈ ਵੀ ਇੱਧਰ-ਉੱਧਰ ਦੀਆਂ ਗੱਲਾਂ ਛੱਡ ਕੇ, ਜਨਤਾ ਦੇ ਮਸਲਿਆਂ ਦੀਆਂ ਗੱਲਾਂ ਕਰੇਗਾ ਅਤੇ ਪਬਲਿਕ ਦੀਆਂ ਭਾਵਨਾਵਾਂ ਦੀ ਪਛਾਣ ਕਰ ਕੇ ਕਦਰ ਕਰੇਗਾ, ਓਹ ਹੀ ਸਫਲ ਹੋ ਸਕੇਗਾ। ਜੌਹਲ ਸਾਹਿਬ ਇਸ ਤਰ੍ਹਾਂ ਦੀਆਂ ਸਾਰੀਆਂ ਗੱਲਾਂ ਕਰਨ ’ਚ ਮਾਹਿਰ ਹਨ ਕਿਉਂਕਿ ਓਹ ਹਮੇਸ਼ਾਂ ਇੱਕ ‘ਗਰਾਊਂਡ’ ਹੋਏ ਬੰਦੇ ਵਾਂਗ ਕੰਮ ਕਰਨਾ ਜਾਣਦੇ ਹਨ।

ਉਨ੍ਹਾਂ ਦੀ ਜਨਤਕ ਛਵੀ ਪਰਿਵਾਸ ਦੇ ਮਸਲਿਆਂ ਨਾਲ਼ ਬਹੁਤ ਸੰਬੰਧ ਰਖਦੀ ਹੈ ਅਤੇ ਇਸ ਗੁਣ ਦੀ ਬਰੈਂਪਟਨ ’ਚ ਬਹੁਤ ਕਦਰ ਹੈ। ਬਹੁਤੇ ਪਰਿਵਾਰਾਂ ਲਈ ਇਹ ਗੰਭੀਰ ਮਸਲਾ ਹੈ ਕਿਉਂਕਿ ਇਹ ਉਨ੍ਹਾਂ ਦੇ ਪਰਿਵਾਰ ਦੇ ਇਕੱਠੇ ਹੋਣ, ਕੰਮ, ਪੜ੍ਹਾਈਆਂ ਅਤੇ ਪਰਿਵਾਰਕ ਸੁਰੱਖਿਆ ’ਤੇ ਅਸਰ ਪਾਉਂਦਾ ਹੈ। ਇਸ ਤਰ੍ਹਾ ਦੇ ਕੰਮਾਂ ’ਚ ਪੂਰੀ


ਸਤਪਾਲ ਸਿੰਘ ਜੌਹਲ

ਦਰੁਸਤੀ, ਸਹਿਜਤਾ ਅਤੇ ਹਮਦਰਦੀ ਦੀ ਅਹਿਮ ਲੋੜ ਹੈ। ਛੋਟੀ ਜਿਹੀ ਗਲਤੀ ਵੀ ਕਿਸੇ ਪਰਿਵਾਰ ਦਾ ਜੀਵਨ ਖਰਾਬ ਕਰ ਸਕਦੀ ਹੈ। ਸਮਰਥਕ ਇਸ ਗੱਲੋਂ ਪੂਰੇ ਸੰਤੁਸ਼ਟ ਹਨ ਕਿ ਓਹ ਸਾਰੇ ਕੰਮ ਪੂਰੀ ਦਿਆਨਤਦਾਰੀ ਅਤੇ ਚੰਗੀ ਭਾਵਨਾ ਨਾਲ ਕਰਦੇ ਹਨ - ਭਾਵੇ ਇਹ ਰਵਈਆ ਕਿਸੇ ਨੂੰ ਚੰਗਾ ਨਾਂ ਵੀ ਲੱਗੇ। ਇਸ ਕਰਕੇ ਹੀ ਲੋਕ ਉਨ੍ਹਾ ਨੂੰ ਪੂਰਾ ਮਦਦਗ-ਾਰ ਮੰਨਦੇ ਹਨ, ਹਾਲਾਂਕਿ ਮਦਦ ਕਰਨਾ ਹਮੇਸ਼ਾ ਸੌਖਾ ਜਾਂ ਭਲੀ-ਮਾਣਸੀ ਵਾਲ਼ਾ ਕੰਮ ਨਹੀਂ ਹੁੰਦਾ। ਕਦੇ-ਕਦੇ ਕੌੜੀਆਂ ਸਚਾਈਆਂ ਵੀ ਦੱਸਣੀਆਂ ਪੈਂਦੀਆਂ ਹਨ, ਲੋਕਾਂ ਨੂੰ ਸੰਭਾਵੀ ‘ਰਿਸਕਾਂ’ ਬਾਰੇ ਸੁਚੇਤ ਕਰਨਾ ਪੈਂਦਾ ਹੈ ਅਤੇ ਗਲਤ ਕੰਮ ਕਰਨ ਤੋਂ ਨਾਂਹ ਕਰਨ ਦੀ ਹਿੰਮਤ ਕਰਨੀ ਪੈਂਦੀ ਹੈ।

ਜੌਹਲ ਸਾਹਿਬ ਦੀ ਜਨਤਾ ’ਚ ਬਣੀ ਪੈਂਠ ਦਾ ਇੱਕ ਹੋਰ ਕਾਰਨ ਉਨ੍ਹਾਂ ਵਲੋਂ ਉੱਚੀਆਂ ਨੈਤਿਕ ਕਦਰਾਂ-ਕੀਮਤਾਂ ਅਨੁਸਾਰ ਵਰਤ-ਵਰਤਾਓ ਕਰਨਾ ਹੈ। ਸਭ ਜਾਣਦੇ ਹਨ ਕਿ ਜਦ ਕਦੇ ਵੀ ਕਿਸੇ ਰੂਲ-ਅਸੂਲ ਦੀ ਉਲੰਘਣਾ ਹੁੰਦੀ ਹੈ ਜਾਂ ਕਿਸੇ ਦਾ ਕੋਈ ਕੰਮ ਕਮਿਉਨਿਟੀ-ਵਿਰੋਧੀ ਹੁੰਦਾ ਹੈ, ਤਾਂ ਓਹ ਹਰਗਿਜ ਚੁੱਪ ਰਹਿਣ ਵਾਲ਼ੇ ਨਹੀਂ। ਇਸ ’ਚ ਪਬਲਿਕ ਵਰਤਾਓ, ਸੁਰੱਖਿਆ, ਕਾਨੂੰਨ ਦੀ ਪਾਲਣਾ ਅਤੇ ਪਰਿਵਾਸ ਦੇ ਨਿਯਮਾਂ ਦੀ ਦੁਰ-ਵਰਤੋਂ ਸਭ ਆ ਜਾਂਦੇ ਹਨ। ਇੱਕ ਸਾਊ ਵਿਅਕਤੀ ਹੋਣ ਦੇ ਨਾਲ਼-ਨਾਲ਼ ਓਹ ਡਟਣਾ ਵੀ ਜਾਣਦੇ ਹਨ ਅਤੇ ਇਹ ਸੁਮੇਲ ਕਾਇਮ ਰੱਖਣਾ ਕੋਈ ਸੌਖੀ ਗੱਲ ਨਹੀਂ। ਪਰ ਇਸ ਨਾਲ਼ ਬੰਦਾ ਚਿਰ-ਸਥਾਈ ਮਾਣ-ਸਤਿਕਾਰ ਹਾਸਿਲ ਕਰ ਲੈਂਦਾ ਹੈ। ਜੌਹਲ ਸਾਹਿਬ ਪੋਲੀਆਂ ਜਾਂ ਇਧਰਲੀਆ-ਉਧਰਲੀਆ ਗੱਲਾਂ ਕਰਨ ਵਾਲੇ ਨਹੀ; ਉਹ ਸਿੱਧੀਆਂ, ਖਰੀਆਂ ਅਤੇ ਬੇ-ਬਾਕ ਗੱਲਾਂ ਕਰਨ ਵਾਲ਼ੇ ਹਨ। ਇਹ ਠੀਕ ਹੈ ਕਈ ਕੱਚੇ ਬੰਦੇ ਇਸ ਤਰ੍ਹਾਂ ਦੀਆਂ ਗੱਲਾਂ ਬਰਦਾਸ਼ਤ ਨਹੀਂ ਕਰਦੇ ਪਰ ਵਧੀਆ ਅਤੇ ਸੱਚੇ-ਸੁੱਚੇ ਬੰਦੇ ਇਸ ਤਰ੍ਹਾਂ ਦੀ ਦਿਆਨਤਦਾਰੀ ਦੀ ਪੂਰੀ ਕਦਰ ਕਰਦੇ ਹਨ।

ਉਨ੍ਹਾਂ ਦੇ ਸਮਰਥਕ ਬਾਹਰੀ ਲੁੱਕ-ਲਪੇਟ ਤੋਂ ਵੱਧ ਸਿਰੜ ਅਤੇ ਦ੍ਰਿੜਤਾ ਦੀ ਕਦਰ ਕਰਦੇ ਹਨ। ਓਹ ਜਾਣਦੇ ਹਨ ਕਿ ਜੌਹਲ ਸਾਹਿਬ ਸੱਚੀ ਗੱਲ ਕਰਨਗੇ, ਕੋਈ ਉਨ੍ਹਾਂ ਨਾਲ਼ ਸਹਿਮਤ ਹੋਵੇ ਨਾਂ ਹੋਵੇ। ਕਈ ਵਾਰ ਉਨ੍ਹਾਂ ਨੂੰ ਨੁਕਤਾਚੀਨੀ ਵੀ ਝੱਲਣੀ ਪੈਂਦੀ ਹੈ ਪਰ ਅਖੀਰ ਨੂੰ ਉਨ੍ਹਾਂ ਪ੍ਰਤੀ ਭਰੋਸੇ ਅਤੇ ਮਾਣ-ਸਤਿਕਾਰ ’ਚ ਵਾਧਾ ਹੀ ਹੁੰਦਾ ਹੈ। ਆਪਾਂ ਜਾਣਦੇ ਹਾਂ ਕਿ ਜਨਤਾ ਕਿਸੇ ਨਾਲ਼ ਘੜੀ ਦੀ ਘੜੀ ਭਾਵੇਂ ਸਹਿਮਤ ਨਾਂ ਹੋਵੇ ਪਰ ਸੱਚੇ ਬੰਦੇ ਦੀ ਇੱਜਤ ਜਰੂਰ ਕਰਦੀ ਹੈ। ਵੈਸੇ ਵੀ ਕੁ-ਰਖਤ ਬੋਲਣ ਦਾ ਅਤੇ ਸੁਹਿਰਦ ਕਰੜਾਈ ਦਾ ਫਰਕ ਹੁੰਦਾ ਹੈ। ਜੌਹਲ ਜੀ ਗੰਭੀਰ ਮਸਲਿਆਂ ’ਤੇ ਗੱਲ ਕਰਨ ਵਕਤ ਵੀ ਆਪਣੀ ਨਰਮਾਈ ਨਹੀਂ ਛਡਦੇ। ਓਹ ਇਸ ਗੱਲ ਦੇ ਹਾਮੀ ਹਨ ਕਿ ਕਿਸੇ ਲਈ ਸਤਿਕਾਰ ਦਿਖਾਉਣ ਲਈ ਉਸ ਦੀ ਚਾਪਲੂਸੀ ਕਰਨ ਦੀ ਲੋੜ ਨਹੀਂ।

ਜੌਹਲ ਸਾਹਿਬ ਦਾ ਉਨ੍ਹਾਂ ਲੋਕਾਂ ’ਚ ਬਹੁਤ ਸਤਿਕਾਰ ਹੈ ਜੋ ਸਮਝਦੇ ਹਨ ਕਿ ਚੰਗੀ ਲੀਡਰੀ ਦਾ ਮਤਲਬ ਲੋਕ-ਭਲਾਈ ਦੀ ਰੱਖਿਆ ਕਰਨਾ ਹੈ ਭਾਵੇਂ ਕਿ ਹਾਲਾਤ ਵਿਰੋਧੀ ਹੀ ਕਿਉਂ ਨਾਂ ਹੋਣ। ਸਮਾਜ ਨੂੰ ਭਾਵੇਂ ਨਰਮਾਈ ਦੀ ਲੋੜ ਹੈ ਪਰ ਦਲੇਰੀ ਨਾਲ਼ ਸਾਹਮਣੇ ਹੋ ਕੇ ਡਟਣ ਦੀ ਵੱਧ ਲੋੜ ਪੈਂਦੀ ਹੈ। ਜਿਹੜਾ ਲੀਡਰ ਸ਼ਾਂਤੀ ਬਣਾਉਣ ਲਈ ਕੌੜੀਆਂ ਸਚਾਈਆਂ ਦਾ ਰਾਹ ਛੱਡ ਦਿੰਦਾ ਹੈ ਓਹ ਕੁਛ ਸਮਾਂ ਤਾਂ ਕੱਢ ਲੈਂਦਾ ਹੈ, ਪਰ ਅਖੀਰ ਨੂੰ ਜਨਤਕ ਵਿਸਵਾਸ਼ ਗਵਾ ਬੈਠਦਾ ਹੈ। ਜੌਹਲ ਜੀ ਦਾ ਸਿੱਧਾ ਅਸੂਲ ਹੈ ਕਿ ਨਰਮਾਈ ਦਾ ਅਰਥ ਚੁੱਪ ਰਹਿ ਕੇ ਗਲਤ ਗੱਲਾਂ ਬਰਦਾਸ਼ਤ ਕਰਨਾ ਨਹੀਂ। ਜਦ ਲੋਕਾਂ ਨੂੰ ਇਹ ਭਰੋਸਾ ਹੋਵੇ ਕਿ ਉਨ੍ਹਾਂ ਦਾ ਲੀਡਰ ਹੱਕ-ਸੱਚ ਲਈ ਖੜ੍ਹੇਗਾ ਤਾਂ ਓਹ ਓਸ ’ਤੇ ਵੱਧ ਯਕੀਨ ਵੀ ਕਰਨਗੇ ਅਤੇ ਉਸ ਦੀ ਪੂਰੀ ਸੁਪੋਰਟ ਵੀ ਕਰਨਗੇ। ਇਸ ਤਰ੍ਹਾਂ ਸੱਚ ਦੇ ਹੱਕ ’ਚ ਖੜ੍ਹਨ ਦੀ ਕਦਰ ਪੈਂਦੀ ਹੈ, ਪਰ ਇਸ ਦਾ ਮੁੱਲ ਤਾਰਨਾ ਪੈਂਦਾ ਹੈ। ਇਸ ਦੀ ਵਿਰੋਧਤਾ ਹੋ ਸਕਦੀ ਹੈ, ਬੋਲ-ਬੁਲਾਰਾ ਹੋ ਸਕਦਾ ਹੈ ਗਲਤ-ਫਹਿਮੀਆਂ ਪੈਦਾ ਹੋ ਸਕਦੀਆ ਹਨ। ਇਸ ਕਰਕੇ ਹੀ ਹੌਂਸਲੇ ਦੀ ਪਬਲਿਕ ’ਚ ਕਦਰ ਹੈ। ਜਨਤਾ ਉਨ੍ਹਾਂ ਨੂੰ ਯਾਦ ਰਖਦੀ ਹੈ ਜਿਹੜੇ ਸ਼ਾਂਤ ਰਹਿਣ ਅਤੇ ਬੋਲਣ ਦੇ ਮੌਕਿਆਂ ਨੂੰ ਪਛਾਣਦੇ ਹਨ, ਇਨ੍ਹਾਂ ’ਚ ਫਰਕ ਜਾਣਦੇ ਹਨ।

2022-2026 ਦੀ ਟਰਮ ’ਚ ਵਾਰਡ ਨੰਬਰ 9 ਅਤੇ 10 ਦੇ ਸਕੂਲ ਟਰਸਟੀ ਦੇ ਤੌਰ ’ਤੇ ਕੀਤਾ ਕੰਮ, ਉਨ੍ਹਾਂ ਦੇ ਪ੍ਰਭਾਵ-ਕਾਰੀ ਕੰਮ ਕਰਨ ਦੇ ਢੰਗਾਂ ਦੀ ਮੂੰਹ ਬੋਲਦੀ ਤਸਵੀਰ ਹੈ। ਇਸ ਹੈਸੀਅਤ ’ਚ ਕੰਮ ਕਰ ਕੇ ਬੰਦਾ ਪਰਿਵਾਰਾਂ, ਸਟੂਡੈਂਟਾਂ ਅਤੇ ਅਧਿਆਪਕਾਂ ਦੇ ਨੇੜੇ ਹੋ ਜਾਂਦਾ ਹੈ ਅਤੇ ਨਿਤ-ਪ੍ਰਤੀ ਫੈਸਲੇ ਲੈਣ ਦੇ ਕੰਮਾਂ ’ਚ ਯੋਗਦਾਨ ਪਾਉਂਦਾ ਹੈ। ਇਹ ਇੱਕ ਅਮਲੀ ਕੰਮ ਹੈ ਜਿਸ ਤੋਂ ਬੰਦੇ ਦਾ ਚਰਿੱਤਰ ਪਰਤੱਖ ਨਜਰ ਆਉਂਦਾ ਹੈ ਅਤੇ ਇਹ ਹੋਰ ਪਰਪੱਕ ਵੀ ਹੁੰਦਾ ਹੈ।

ਸਕੂਲਾਂ ਦੇ ਪ੍ਰਬੰਧਾਂ ’ਚ, ਪਰਿਵਾਰ ਰੋਜਾਨਾ ਜਿੰਦਗੀ ’ਤੇ ਅਸਰ ਉਣ ਵਾਲ਼ੀਆਂ ਚੀਜਾਂ ਨੂੰ ਵੱਧ ਗੌਰ ਨਾਲ਼ ਦੇਖਦੇ ਹਨ। ਓਹ ਸਕੂਲਾਂ ਦੀ ਸੁਰੱਖਿਆ, ਸਕੂਲਾਂ ਦੇ ਨੇੜੇ ਦੀ ਆਵਾਜਾਈ, ਉੱਪਰਲਿਆਂ ਨਾਲ਼ ਤਾਲ-ਮੇਲ ਅਤੇ ਆਪਣੀ ਗੱਲ ਸੁਣੇ ਜਾਣ ਨੂੰ ਖਾਸ ਕਰ ਕੇ ਮਹੱਤਵ ਦਿੰਦੇ ਹਨ। ਜੌਹਲ ਸਾਹਿਬ ਇਨ੍ਹਾ ਸਭ ਗੱਲਾਂ ਬਾਰੇ ਬਹੁਤ ਖਬਰਦਾਰ ਰਹਿੰਦੇ ਹਨ। ਇਸ ਤਰ੍ਹਾਂ ਦੀਆਂ ਸੇਵਾਵਾਂ ਕਰ ਕੇ ਹੀ ਲੋਕ ਉਨ੍ਹਾਂ ਦਾ ਮਾਣ-ਸਤਿਕਾਰ ਕਰਦੇ ਹਨ। ਓਹ ਇਹ ਵੀ ਮਹਿਸੂਸ ਕਰਦੇ ਹਨ ਕਿ ਜੌਹਲ ਸਾਹਿਬ ਨੂੰ ਜਦੋਂ ਮਰਜੀ ਸਿੱਧਿਆਂ ਮਿਲਿਆ ਜਾ ਸਕਦਾ ਹੈ। ਮਾਂ-ਪਿਉ ਉਨ੍ਹਾਂ ਲੀਡਰਾਂ ’ਤੇ ਵੱਧ ਭਰੋਸਾ ਕਰਦੇ ਹਨ ਕਰਦੇ ਹਨ ਜੋ ਸਪਸ਼ਟ ਗੱਲ ਕਰਦੇ ਹਨ ਅਤੇ ਮੁਸ਼ਕਿਲ ਸਮੇਂ ’ਤੇ ਹਾਜਰ ਮਿਲਦੇ ਹਨ। ਨਿਰਸੰਦੇਹ, ਬੋਰਡ ਦਾ ਕੰਮ ਵਾਹਵਾ ਖੱਟਣ ਦਾ ਮੌਕਾ ਘੱਟ ਹੈ ਅਤੇ ਜਿੰਮੇਵਾਰੀ ਦਾ ਬਹੁਤਾ ਹੈ। ਇਹੋ ਜਿਹੀਆਂ ਅਹੁਦੇਦਾਰੀਆਂ ’ਤੇ ਕੀਤੇ ਕੰਮਾਂ ਤੋਂ ਹੀ ਬੰਦੇ ਦੀ ਜਨਤਾ ’ਚ ਬਣਾਈ ਭੱਲ ਦਾ ਪਤਾ ਲਗਦਾ ਹੈ।

ਜੌਹਲ ਸਾਹਿਬ 2026 ਦੀਆਂ ਬਰੈਂਪਟਨ ਮਿਉਂਸਪਲਟੀ ਦੀਆਂ ਰਿਜਨਲ ਕਾਉਂਸਲਰ ਦੀਆਂ ਚੋਣਾਂ ’ਚ ਉਮੀਦਵਰ ਹਨ। ਉਨ੍ਹਾਂ ਲਈ ਇਹ ਸੇਵਾ ਦਾ ਕੋਈ ਨਵਾਂ ਮੌਕਾ ਨਹੀਂ। ਇਸ ਤਰ੍ਹਾਂ ਓਹ ਪਹਿਲੀ ਕੀਤੀ ਜਾ ਰਹੀ ਸੇਵਾ ਨੂੰ ਹੀ ਅੱਗੇ ਤੋਰ ਰਹੇ ਹਨ। ਉਨ੍ਹਾਂ ਨੂੰ ਪਹਿਲਾਂ ਹੀ ਇਸ ਪਾਸੇ ਦਾ ਬਹੁਤ ਤਜਰਬਾ ਹੈ ਅਤੇ ਇਸ ਨਾਲ਼ ਉਨ੍ਹਾਂ ਦੀ ਜਿੰਮੇਵਾਰੀ ਦਾ ਘੇਰਾ ਹੋਰ ਵੱਡਾ ਹੋਵੇਗਾ। ਉਨ੍ਹਾਂ ਦੇ ਸਮਰਥਕਾਂ ਵਾਸਤੇ ਇਹ ਇੱਕ ਮੌਕਾ ਹੈ ਕਿ ਵੱਡੇ ਜਨਤਕ ਹਿਤਾਂ ਲਈ ਉਨ੍ਹਾਂ ਦੀ ਹਮਾਇਤ ’ਚ ਲੱਗਣ। ਹਾਲਾਂਕਿ ਓਹ ਖੁਦ ਇਸ ਤਰ੍ਹਾਂ ਦੀਆਂ ਹਮਾਇਤਾਂ ਦੀ ਬਜਾਇ ਜਨਤਾ ’ਚ ਵਿਚਰ ਕੇ ਪ੍ਰੈਕਟੀਕਲ ਕਰਾਵਾਈਆਂ ਨੂੰ ਵੱਧ ਤਰਜੀਹ ਦਿੰਦੇ ਹਨ ਅਤੇ ਇਸ ਤਰ੍ਹਾਂ ਦੇ ਪਰਚਾਰ ਤੋਂ ਸੰਗਦੇ ਹਨ। ਪਰ ਸਮਰਥਕ ਚਾਹੁੰਦੇ ਹਨ ਕਿ ਇਸ ਤਰ੍ਹਾਂ ਦੇ ਸੁਹਿਰਦ, ਹਿੰਮਤੀ ਅਤੇ ਅਣਥੱਕ ਲੀਡਰ ਪੰਜਾਬੀ ਭਾਈਚਾਰੇ ਦੀ ਬਹੁ-ਪੱਖੀ ਸੇਵਾ ’ਚ ਯੋਗਦਾਨ ਪਾਉਂਦੇ ਰਹਿਣ। ਸਾਰੇ ਇਸ ਗੱਲ ਨਾਲ਼ ਸਹਿਮਤ ਹਨ ਕਿ : ਜੌਹਲ, ਬਰੈਂਪਟਨ ਨਿਵਾਸੀਆਂ ਦੀ ਸੇਵਾ ਲਈ ਹਰ ਵਕਤ ਹਾਜਿਰ ਹੈ।

ਉਨ੍ਹਾਂ ਦਾ ਸਮਰਥਨ ਉਨ੍ਹਾਂ ਦੀਆਂ ਨਿਜੀ ਦੋਸਤੀਆਂ ਤੋਂ ਕਿਤੇ ਵੱਧ ਉਨ੍ਹਾਂ ਦੇ ਅਸਰਦਾਰ ਕੰਮਾਂ ’ਤੇ ਨਿਰਭਰ ਹੈ। ਉਨ੍ਹਾਂ ਵਲੋਂ ਕੀਤੀ ਐੱਲ.ਐੱਮ.ਆਈ.ਏ ਦੀ ਘਾਲਣਾ ਸਭ ਦੇ ਦਿਲਾਂ ਅਤੇ ਦਿਮਾਗਾਂ ’ਚ ਉੱਕਰੀ ਹੋਈ ਹੈ ਅਤੇ ਰਹੇਗੀ। ਜਨਤਾ ਹਮੇਸ਼ਾ ਸੱਚੇ-ਸੁੱਚੇ ਨਿਰਪੱਖ ਅਤੇ ਦਲੇਰ ਲੀਡਰਾਂ ਦੀ ਕਦਰ ਕਰਦੀ ਰਹੀ ਹੈ ਅਤੇ ਜੌਹਲ ਸਾਹਿਬ ਇਨ੍ਹਾਂ ਸਾਰੇ ਗੁਣਾਂ ਦਾ ਸਹੀ ਸੁਮੇਲ ਹਨ।



ਸੁਰਜੀਤ ਸਿੰਘ ਫਲੋਰਾ

**SURJIT SINGH FLORA**
**6 Havelock Drive,**
**Brampton, ON**
**L6W 4A5 Canada**
**647-829-9397**

# ਗਾਇਕੀ ਅਤੇ ਗੀਤਕਾਰੀ ਦਾ ਸੁਮੇਲ :-ਦੇਬੀ ਮਖਸੂਸਪੁਰੀ



ਪੰਜਾਬੀ ਗਾਇਕੀ ਅਤੇ ਗੀਤਕਾਰੀ ਦਾ ਸੁਮੇਲ ਦਹਾਕਿਆਂ ਤੋਂ ਚਲਿਆ ਆ ਰਿਹਾ ਹੈ। ਅਨੇਕਾਂ ਹੀ ਅਜਿਹੇ ਨਾਂ ਹਨ ਜਿਨ੍ਹਾਂ ਨੇ ਆਪਣੀ ਆਵਾਜ਼ ਅਤੇ ਲਿਖਤ ਦੇ ਨਾਲ ਸੰਗੀਤ ਜਗਤ ਵਿੱਚ ਉੱਘਾ ਨਾ ਕਮਾਇਆ ਹੈ ਇਨ੍ਹਾਂ ਵਿਚੋਂ ਇਕ ਬਹੁਤ ਹੀ ਸਤਿਕਾਰਯੋਗ ਸਨਮਾਨਯੋਗ ਨਾਂ ਹੈ ਦੇਬੀ ਮਖਸੂਸਪੁਰੀ। ਦੇਬੀ ਮਖਸੂਸਪੁਰੀ ਪੰਜਾਬੀ ਸਾਹਿਤ,ਸ਼ਾਇਰੀ, ਗੀਤਕਾਰੀ ਤੇ ਕਲਾਕਾਰੀ ਦੇ ਸੁਮੇਲ ਦਾ ਸਾਂਝਾ ਨਾਂ ਹੈ। 80 ਦੇ ਦਹਾਕੇ ਤੋਂ ਨਿਰਵਿਘਨ ਉਹ ਆਪਣੀ ਕਲਮ ਦਾ ਨਿਰੰਤਰ ਵਹਾ ਵਹਾਉਂਦਾ ਆ ਰਿਹਾ ਹੈ।ਉਸਤਾਦ ਸ਼ਾਇਰ, ਸਾਹਿਰ ਲੁਧਿਆਣਵੀ,ਸ਼ਿਵ ਕੁਮਾਰ ਬਟਾਲਵੀ,ਡਾ.ਜਗਤਾਰ ਅਤੇ ਡਾ.ਸੁਰਜੀਤ ਪਾਤਰ ਵਰਗਿਆਂ ਦੀ ਸ਼ਾਇਰੀ ਤੋਂ ਪ੍ਰਭਾਵਿਤ ਦੇਬੀ ਵੀ ਥੋੜ੍ਹੇ ਤੇ ਛੋਟੇ ਸ਼ਬਦਾਂ ਵਿੱਚ ਡੂੰਘੀ ਗੱਲ ਕਹਿਣ ਦੀ ਸਮਰੱਥਾ ਰੱਖਦਾ ਹੈ।ਆਪਣੀ ਰੂਹਾਨੀ ਤੇ ਮੁਹੱਬਤੀ ਭਰੀ ਸ਼ਾਇਰੀ, ਗੀਤਕਾਰੀ ਅਤੇ ਕਵਿਤਾਵਾਂ ਲਈ ਵਿਸ਼ਵਪ੍ਰਸਿੱਧ ਮੁਹ-ਾਰਤ ਹਾਸਲ ਕਰਨ ਵਾਲੇ ਇਸ ਪੰਜਾਬੀ ਫ਼ਨਕਾਰ ਦਾ ਜਨਮ ਦੁਆਬੇ ਖੇਤਰ ਦੇ ਜ਼ਿਲ੍ਹੇ ਹੁਸ਼ਿਆਰਪੁਰ ਚ ਪੈਂਦੇ ਪਿੰਡ ਮਖਸੂਸਪੁਰ ਵਿੱਚ ਪਿਤਾ ਪ੍ਰੀਤਮ ਸਿੰਘ ਗਿੱਲ ਦੇ ਘਰ ਮਾਤਾ ਸਵਰਨ ਕੌਰ ਦੀ ਕੁੱਖੋਂ 10 ਜੂਨ 1966 ਨੂੰ ਹੋਇਆ। ਮੋਹ ਪਿਆਰ ਚ ਪਲ ਕੇ ਜਵਾਨ ਹੋਏ ਦੇਬੀ ਨੇ ਬੜੇ ਹੀ ਨਰਮ ਸੁਭਾਅ ਤੇ ਸੰਵੇਦਨਸ਼ੀਲਤਾ ਬਿਰਤੀ ਵਾਲੇ ਮਨੁੱਖੀ ਜਾਮੇ ਨੂੰ ਅਪਨਾਇਆ। ਸ਼ੋਹਰਤਾਂ ਦੀਆਂ ਬੁਲੰਦੀਆਂ ਨੂੰ ਛੋਹ ਕੇ ਵੀ ਆਪਣੇ ਪੈਰ ਧਰਤ ਤੇ ਟਿਕਾਈ ਰੱਖੇ। ਸੰਗੀਤ ਅਤੇ ਪੰਜਾਬੀ ਸਾਹਿਤ ਚ ਮੁਹਾਰਤ ਹਾਸਲ ਕਰਨ ਵਾਲੇ ਇਸ ਪੰਜਾਬੀ ਗਾਇਕ, ਗੀਤਕਾਰ, ਸ਼ਾਇਰ ਅਤੇ ਕਵੀ ਨੇ ਮੁੱਢਲੀ ਪੜ੍ਹਾਈ ਪਿੰਡ ਦੇ ਸਕੂਲ ਤੋਂ ਸ਼ੁਰੂ ਕਰਕੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਸਰਕਾਰੀ ਕਾਲਜ ਤੋਂ ਉੱਚੇਰੀ ਸਿੱਖਿਆ ਗ੍ਰਹਿਣ ਕੀਤੀ। ਪੜ੍ਹਾਈ ਕਰਦਿਆਂ ਦੇਬੀ ਸਾਹਿਤ ਅਤੇ ਖੇਡ ਦੇ ਪ੍ਰਤੀ ਵੀ ਆਪਣੀ ਰੁਚੀ ਰੱਖਦਾ ਰਿਹਾ ਜਿਸਦੇ ਫਲਸਰੂਪ ਉਸਨੂੰ ਅੱਜ ਇੱਕ ਚੰਗੇ ਪੰਜਾਬੀ ਗਾਇਕ, ਗੀਤਕਾਰ, ਸ਼ਾਇਰ ਅਤੇ ਕਵੀ ਵਜੋਂ ਨਿਪੁੰਨਤਾ ਪ੍ਰਾਪਤ ਹੈ। ਗੁਰਦੇਵ ਸਿੰਘ ਗਿੱਲ ਤੋਂ ਬਣੇ ਦੇਬੀ ਮਖਸੂਸਪੁਰੀ ਨੇ ਪੰਜਾਬੀ ਸ਼ਾਇਰੀ ਦੇ ਬਾਬਾ ਬੋਹੜ ਸਵਰਗੀਏ ਡਾ.ਸੁਰਜੀਤ ਪਾਤਰ ਜੀ ਦੇ ਅਸ਼ੀਰਵਾਦ ਸਦਕੇ ਕਾਲਜ ਚ ਪੜ੍ਹਦਿਆਂ ਹੋਇਆ ਵੀਹ ਕੁ ਸਾਲ ਦੀ ਉਮਰ ਚ ਪ੍ਰਪੱਕ ਗੀਤਕਾਰ ਵਜੋਂ ਪਹਿਲੀ ਪੁਲਾਂਘ ਪੁੱਟੀ ਜਿਸ ਨੂੰ ਗਾਇਕੀ ਤੇ ਗੀਤਕਾਰੀ ਦੇ ਭੀਸ਼ਮ ਪਿਤਾਮਾ ਕਹੇ ਜਾਣ ਵਾਲੇ ਜਸਵੰਤ ਸੰਦੀਲਾ ਜੀ ਦੇ ਸਹਿਯੋਗ ਦੇ ਨਾਲ ਸਮੇਂ ਦੇ ਸਮਰੱਥ ਪੰਜਾਬੀ ਲੋਕ ਗਾਇਕ ਕਲੀਆਂ ਦੇ ਬਾਦਸ਼ਾਹ ਸ੍ਰੀ ਕੁਲਦੀਪ ਮਾਣਕ ਜੀ ਦੀ ਆਵਾਜ਼ ਵਿੱਚ ਰਿਕਾਰਡ ਕਰਵਾਇਆ ਜੋ ਪਿੰਡਾਂ ਦੇ ਬਨੇਰਿਆਂ ਤੋਂ ਵੱਜਦਾ ਹੋਇਆ ਦੂਰ ਸੰਗੀਤਕ ਫਿਜ਼ਾਵਾਂ ਤੱਕ ਜਾ ਗੂੰਜਿਆ। ਹਰ ਪਾਸੇ ਸੁਣਾਈ ਦੇ ਰਹੇ "ਬਾਬਲ ਮਰਿਆ ਭਾਬੀਏ ਪੈ ਗਏ ਪੁਆੜੇ" ਗੀਤ ਦੇ ਗੀਤਕਾਰ ਦੇਬੀ ਮਖਸੂਸਪੁਰੀਏ ਦੇ ਨਾਂ ਦੀ ਪਹਿਚਾਣ ਹੋਈ। ਆਪਣੀ ਸ਼ਕਤੀਸ਼ਾਲੀ,ਸਾਦਗੀ ਤੇ ਡੂੰਘਾਈ ਵਾਲੀ ਸ਼ਬਦਾਵਲੀ ਨਾਲ ਗੀਤਕਾਰੀ ਦੀ ਸ਼ੁਰੂਆਤ ਕਰਨ ਵਾਲੇ ਦੇਬੀ ਮਖਸੂਸਪੁਰੀ ਨੇ ਕੁਲਦੀਪ ਮਾਣਕ ਦੀ ਆਵਾਜ਼ ਵਿੱਚ ਬਾਬਲ ਮਰਿਆ ਭਾਬੀਏ, ਚਿੱਠੀਆਂ, ਲੋਕੋਂ ਮੈਂ ਪਾਕ ਮੁਹੱਬਤ ਹਾਂ ਅਤੇ ਵਕਤ ਸਾਹ-ਮਣੇ ਅਸੀਂ ਨਿਮਾਣੇ ਵਰਗੇ ਚਾਰ ਗੀਤ ਰਿਕਾਰਡ ਕਰਵਾਏ ਉਸ ਤੋਂ ਇਲਾਵਾ ਉਸਨੇ ਹੰਸ ਰਾਜ ਹੰਸ,ਸਰਦੂਲ ਸਿਕੰਦਰ,ਰਾਜ ਬਰਾੜ,
ਮਨਮੋਹਨ ਵਾਰਿਸ, ਲਾਲੀ ਅਟਵਾਲ,ਰਣਬੀਰ ਰਾਣਾ ਅਤੇ ਕਮਲ ਹੀਰ ਵਰਗਿਆਂ ਦੀ ਆਵਾਜ਼ ਵਿੱਚ ਅਨੇਕਾਂ ਹੀ ਸੁਪਰ ਡੁਪਰ ਹਿੱਟ ਗੀਤ ਰਿਕ-ਾਰਡ ਕਰਵਾਏ। ਕੁਦਰਤੀ ਬਣਤਰ ਅਤੇ ਸਾਹਿਤ ਨੂੰ ਪਿਆਰ ਕਰਨ ਵਾਲਾ ਦੇਬੀ ਆਪਣੇ ਸ਼ਬਦਾਂ ਦੀ ਪਵਿੱਤਰਤਾ ਵਾਂਗ ਖੂਬਸੂਰਤ ਦਿਲ ਵੀ ਰੱਖਦਾ ਹੈ।ਉਹ ਆਪਣੀ ਸਾਫ਼ ਸੁਥਰੀ ਗਾਇਕੀ ਤੇ ਗੀਤਕਾਰੀ ਨਾਲ ਲੰਮੇ ਸਮੇਂ ਤੋਂ ਸਰੋਤਿਆਂ ਦੇ ਦਿਲਾਂ ਰਾਜ ਕਰਦਾ ਆ ਰਿਹਾ ਹੈ। ਦੇਬੀ ਸਰੋਤਿਆਂ ਅਤੇ ਪਾਠਕਾਂ ਦੀਆਂ ਅੰਦਰੂਨੀ ਭਾਵਨਾ ਨਾਲ ਜੁੜਿਆ ਹੋਇਆ ਸ਼ਾਇਰ, ਲੇਖਕ ਤੇ ਗਵੱਈਆ ਹੈ ਜੋ ਉਸਦੀ ਲੇਖਣੀ ਤੇ ਪੇਸ਼ਕਾਰੀ ਅਧਿਆਤਮਿਕਤਾ ਅਤੇ ਸਮਾਜਿਕ ਮੁੱਦਿਆਂ ਦੇ ਵਿਸ਼ਿਆਂ ਨੂੰ ਕਵਰ ਕਰਦੀ ਹੋਈ ਰੋਜ਼ਾਨਾ ਜੀਵਨ ਦੇ ਭਾਵਨਾਤਮਕ ਸੰਘਰਸ਼ਾਂ ਅਤੇ ਖੁਸ਼ੀਆਂ ਨੂੰ ਦਰਸਾਉਂਦੀ ਹੈ। ਦੇਬੀ ਦੇ ਗੀਤਾਂ/ਕਵਿਤਾਵਾਂ ਵਿਚੋਂ ਪਿਆਰ, ਦਿਲ ਟੁੱਟਣ, ਤਾਂਘ ਦੀ ਖੂਬਸੂਰਤੀ ਨਜ਼ਰ ਆਉਂਦੀ ਹੈ ਜਿਵੇਂ ਕਿ:- ਅੱਖਾਂ ਰਾਹੀਂ ਬੋਲ, ਸੱਜਰੇ ਚੱਲੇ ਮੁਕਾਬਲੇ, ਸੱਜਣਾ ਦੀ ਫੁਲਕਾਰੀ ਦੇ, ਨਾਂ ਤੇਰਾ ਲਿਖ ਕੇ, ਤੂੰ ਦੇ ਗਈ ਜ਼ਹਿਰ ਜੁਦਾਈਆਂ ਦਾ, ਸਾਨੂੰ ਤੇਰੇ ਸ਼ਹਿਰ ਦਿਆਂ, ਆਸ਼ਕਾਂ ਦੀ ਕਾਹਦੀ ਜ਼ਿੰਦਗੀ, ਅਸੀਂ ਇਸ਼ਕ ਮੁਕਾਦਮੇ ਦੀਆਂ ਤਰੀਕਾਂ, ਰੰਗ ਵਟਾਗੀ ਹਾਣ ਦੀਏ, ਲਾਰੇ ਤੇਰੇ ਨੀਂ ਮੁੱਕਣੇ, ਤੇਰਾ ਨਖ਼ਰਾ ਮਾਣ ਨਹੀਂ, ਵਿਛੇ ਤੇਰੀਆਂ ਰਾਹਾਂ ਚ,ਅੱਖੀਆਂ,ਬੱਲੇ ਨੀ ਬੱਲੇ
ਸਾਡੀ ਗਲੀ ਲੰਘਦੇ ਰਹੋ,ਮਹਿਬੂਬ,ਯਾਰਾਨੇ, ਗੈਰਾਂ ਨਾਲ ਪੀਂਘਾਂ ਝੂਟਦੀਏ,ਸੋਨੇ ਦਾ ਤਵੀਤ, ਕਈ ਗੱਲਾਂ,
ਮੁਖੜੇ ਦਾ ਲਿਸ਼ਕਾਰਾ, ਜਦ ਮਾਂ ਨਾ ਰਹਿੰਦੀ,ਅਤੇ ਨਾ ਕਰ ਪੁੱਤਰ ਪੁੱਤਰ ਵਰਗੇ ਹਾਜ਼ਰਾ ਹੀ ਗੀਤ । ਦੇਬੀ ਮਖਸੂਸਪੁਰੀ ਪੰਜਾਬੀ ਗੀਤਕਾਰੀ ਕਲਾਕਾਰੀ ਤੇ ਸ਼ਾਇਰੀ ਦਾ ਅਜਿਹਾ ਪਰਨਾਇਆ ਹੋਇਆ ਨਾਮਵਰ ਹਸਤਾਖ਼ਰ ਹੈ ਜਿਸ ਨੇ ਕਦੇ ਵੀ ਸਮੇਂ ਦੇ ਬਦਲਾਅ ਨਾਲ ਮੰਡੀਕਰਨ ਪਦਾਰਥਵਾਦੀ ਯੁੱਗ ਨਾਲ ਸਮਝੌਤਾ ਨਹੀਂ ਕੀਤਾ ਸਗੋਂ ਆਪਣੀ ਸਾਫ਼ ਸੁਥਰੀ ਕਲਾਕਾਰੀ ਤੇ ਪੇਸ਼ਕਾਰੀ ਨਾਲ ਸਰੋਤਿਆਂ ਦੇ ਮਨਾਂ ਨੂੰ ਟੁੰਬਿਆ। ਸਾਲ 1994 ਵਿੱਚ ਦੇਬੀ ਨੇ ' ਜਦ ਮਾਂ ਨਾ ਰਹਿੰਦੀ ' ਕੈਸਿਟ ਨਾਲ ਬਤੌਰ ਗਾਇਕੀ ਵਿੱਚ ਪ੍ਰਵੇਸ਼ ਕੀਤਾ।ਸੁਪਰ ਡੁਪਰ ਹੋਈ ਇਹ ਹਿੱਟ ਕੈਸਿਟ ਜਿੱਥੇ ਆਪਣੀ ਸਫਲਤਾ ਦਾ ਹੁੰਗਾਰਾ ਭਰਦੀ ਹੈ ਉੱਥੇ ਹੀ ਇਹ ਦੇਬੀ ਦੀ ਆਵਾਜ਼ ਤੇ ਲਿਖਤ ਦੇ ਸੁਮੇਲ ਦੇ ਸਾਰਥਕ ਪੱਖ ਨੂੰ ਵੀ ਉਭਾਰਦੀ ਹੈ। ਉਸ ਤੋਂ ਬਾਅਦ ਦੇਬੀ ਨੇ ਆਪਣੀ ਆਵਾਜ਼ ਤੇ ਲਿਖਤ ਨਾਲ ਭਰਪੂਰ ਕੈਸਿਟਾਂ ਸਰੋਤਿਆਂ ਦੀ ਝੋਲੀ ਪਾਈਆਂ ਜਿਵੇਂ ਕਿ:- ਅੱਖੀਆਂ,ਬੱਲੇ ਨੀ ਬੱਲੇ ,ਸਾਡੀ ਗਲੀ ਲੰਘਦੇ ਰਹੋ ,ਮੁਖੜੇ ਦਾ ਲਿਸ਼ਕਾਰਾ, ਲੀਕ,ਸਿੱਖੀ ਨਾਲ ਇਸ਼ਕ, ਜਾਂਦੇ ਸੱਜਣਾ ਨੂੰ,ਮਿਹਰਬਾਨੀ,ਤੇਰੇ ਨਾਲ ਪਿਆਰ, ਮਿੱਤਰਾਂ ਦੀ ਆਵਾਜ਼,ਇਸ਼ਕ ਦੀ ਮਹਿੰਦੀ,
ਤੇਰਾ ਸ਼ਹਿਰ,ਅੱਖੀਆਂ ਡਾਕੇ ਮਾਰਦੀਆਂ ਅਤੇ ਦੇਬੀ ਦੀ ਯਾਦ ਤੋਂ ਇਲਾਵਾ ਅਨੇਕਾਂ ਹੀ ਦੇਬੀ ਲਾਈਵ ਕੈਸਿਟਾਂ/ਸੀਡੀਜ ਰਿਕਾਰਡ ਕਰਵਾਈਆਂ।ਦੇਬੀ ਆਪਣੇ ਸਰੀਰਕ ਕੱਦ ਮੁਤਾਬਿਕ ਜ਼ਿਹਨ ਵਿੱਚ ਸ਼ਬਦਾਂ ਦਾ ਅਥਾਹ ਭੰਡਾਰ ਸਮੋਈ ਬੈਠਾ ਹੈ ਜੋ ਸਮੇਂ ਸਮੇਂ ਤੇ ਆਪਣੇ ਸਰੋਤਿਆਂ ਅਤੇ ਪਾਠਕਾਂ ਦਾ ਮਨੋਰੰਜਨ ਕਰਦਾ ਰਹਿੰਦਾ ਹੈ। ਸ਼ਬਦਾਂ ਦੀ ਖਾਣ ਦੇਬੀ ਮਖਸੂਸਪੁਰੀਆ ਆਪਣੇ ਨਿਰੋਲ ਤੇ ਪ੍ਰਭਾਵਸ਼ਾਲੀ ਸ਼ਬਦਾਂ ਦੀ ਸਿਰਜਣਾ ਕਰਕੇ ਵਕਤ ਇਕੋ ਜਿਹਾ ਤੇ ਉਮੀਦਾਂ ਦੇ ਚਿਰਾਗ ਨਾਂ ਦੀਆਂ ਦੋ ਪੁਸਤਕਾਂ ਸਾਹਿਤ ਦੀ ਝੋਲੀ ਪਾ ਚੁੱਕਾ ਹੈ ਜਿਸ ਨੂੰ ਸਰੋਤਿਆਂ/ਪਾਠਕਾਂ ਵੱਲੋਂ ਖੂਬ ਪ੍ਰਵਾਨਿਆਂ ਗਿਆ ਪੰਜਾਬੀ ਸੰਗੀਤ ਤੇ ਸਾਹਿਤ ਤੋਂ ਇਲਾਵਾ ਦੇਬੀ ਫ਼ਿਲਮੀ ਪਰਦੇ ਤੇ ਵੀ ਆਪਣੀ ਭੂਮਿਕਾ ਨਿਭਾਉਂਦਾ ਨਜ਼ਰ ਆ ਰਿਹਾ ਹੈ ਜਿਵੇਂ ਕਿ:- ' ਉਸਦੀ ਪਹਿਲਾਂ ਆਈ ਫਿਲਮ ਸ਼ਾਇਰ',ਤੇ ਆਉਣ ਵਾਲੀ ਫ਼ਿਲਮ 'ਚਾਲੀ ਦਿਨ' ਵਿੱਚ ਅਤੇ 'ਜੱਗਾ ਜਿਊਂਦਾ ਹੈ' ਵਿੱਚ ਉਹ ਆਪਣੇ ਤਿੰਨ ਗੀਤਾਂ ਨਾਲ ਸਰੋਤਿਆਂ ਦਾ ਮਨੋਰੰਜਨ ਕਰੇਗਾ। ਦਹਾਕੇ ਪਹਿਲਾਂ ਆਈ ਫ਼ਿਲਮ 'ਬਦਲਾ ਜੱਟੀ ਦਾ ' ਵਿੱਚ ਵੀ ਉਹ ਆਪਣੇ ਗੀਤ ਆਸ਼ਕਾਂ ਦੀ ਕਾਹਦੀ ਜ਼ਿੰਦਗੀ ਨਾਲ ਵੀ ਮਹਿਕ ਖਿਡਾ ਚੁੱਕਾ ਹੈ। ਪੰਜਾਬ ਦੀ ਧਰਤੀ ਦਾ ਇਹ ਜੰਮਪਲ ਅੱਜਕੱਲ ਆਪਣੀ ਕਰਮਭੂਮੀ ਕਨੈਡਾ ਦਾ ਪੱਕਾ ਵਸਨੀਕ ਹੈ। ਪ੍ਰਮਾਤਮਾ ਕਰੇ ਕਿ ਮਾਂ -ਬੋਲੀ ਪੰਜਾਬੀ ਦਾ ਇੱਕ ਲਾਡਲਾ ਸ਼ਾਇਰ,ਗੀਤਕਾਰ ਅਤੇ ਗਾਇਕ ਇਸ ਤਰ੍ਹਾਂ ਆਪਣੇ ਸਾਫ਼ ਸੁਥਰੇ ਤੇ ਸੱਭਿਆਚਾਰਕ ਗੀਤਾਂ ਦੇ ਨਾਲ ਨਾਲ ਉਹ ਫਿਲਮੀ ਅਭਿਨੈ ਰਾਹੀਂ ਸੰਗੀਤਕ ਜਗਤ ਦੀ ਸੇਵਾ ਕਰਦਾ ਰਹੇ।

**ਸਰੂਪ ਸਿੰਘ ਚੌਧਰੀ ਮਾਜਰਾ**
**(ਨਾਭਾ)**
**99886-27880**

# ਬੜੇ ਗੁਣਕਾਰੀ ਹਨ ਅੰਬ

ਗਰਮੀ ਦੇ ਮੌਸਮ ਵਿਚ ਫਲਾਂ ਦੇ ਰਾਜੇ ਅੰਬ ਦਾ ਨਾਮ ਲੈਂਦੇ ਹੀ ਮੂੰਹ ਵਿਚ ਮਿਠਾਸ ਆ ਜਾਂਦੀ ਹੈ। ਅੰਬ ਜਿੱਥੇ ਇਕ ਪੌਸ਼ਟਿਕ ਫਲ ਹੈ। ਦੂਜੇ ਪਾਸੇ ਇਸ ਦੇ ਪੌਸ਼ਟਿਕ ਦੂਜੇ ਹੋਰ ਵੀ ਗੁਣ ਹਨ ।ਪੱਕਿਆ ਅੰਬ ਰਸਾਇਣਕ ਤੱਤਾਂ ਨਾਲ ਭਰਪੂਰ ਹੁੰਦਾ ਹੈ। ਜਿਸ ਵਿੱਚ ਕੈਲਸ਼ੀਅਮ ,ਫਾਸਫੋਰਸ, ਸੋਡੀਅਮ, ਪੋਟਾਸ਼ੀਅਮ ,ਕਾਪਰ ,ਗੰਧਕ, ਮੈਗਨੀਸ਼ੀਅਮ, ਕੈਲੋਰੀ ਅਤੇ ਨਿਆਂਸੀਲ ਹੁੰਦੇ ਹਨ। ਇਹਦੇ ਵਿਚ ਵਿਟਾਮਿਨ ਏ, ਬੀ ,ਸੀ, ਅਤੇ ਡੀ ਵੀ ਭਰਪੂਰ ਮਾਤਰਾ ਵਿੱਚ ਹੁੰਦੇ ਹਨ ,ਅਤੇ ਪ੍ਰੋਟੀਨ ਵੀ.ਹੁੰਦੀ ਹੈ ।ਇਸ ਦੇ ਹੇਠ.ਲਿਖੇ.ਲਾਭ ਹਨ।

* ਕੱਚੇ ਅੰਬ ਨੂੰ ਉਬਾਲ ਕੇ ਉਸ ਦੇ ਗੁੱਦੇ ਨੂੰ ਠੰਡੇ ਪਾਣੀ ਵਿੱਚ ਮਿਲਾ ਕੇ ਸਰੀਰ ਲਗਾਉਣ ਤੇ ਲੂੰ ਦਾ ਅਸਰ ਘੱਟ ਹੁੰਦਾ ਹੈ। ਅਤੇ ਸਰੀਰ ਨੂੰ.ਠੰਢ ਪਹੁੰਚਦੀ ਹੈਂ।

* ਚੰਗੇ ਅੰਬ ਦਾ ਰਸ ਬਹੁਤ ਗੁਣਾਂ ਵਾਲਾ ਹੁੰਦਾ ਹੈ। ਜਿਹੜਾ ਖੂਨ ਦੇ ਵਾਧੇ.ਨਾਲ ਸਰੀਰ ਨੂੰ ਠੀਕ ਰੱਖਦਾ ਹੈ।

* ਅੰਬ ਅਤੇ ਦੁੱਧ ਦਾ ਘੋਲ ਬਵਾਸੀਰ ਨੂੰ ਠੀਕ ਕਰਦਾ ਹੈ।

* ਕੱਚੇ ਅੰਬ ਦਾ ਲਗਾਤਾਰ ਪ੍ਰਯੋਗ ਕਰਨ ਨਾਲ ਗੁਰਦੇ ਦੀ ਪੱਥਰੀ ਠੀਕ ਹੁੰਦੀ ਹੈ।

* ਅੱਖਾਂ ਦੇ ਰੋਗ, ਪੇਟ ਦੇ ਰੋਗ, ਬਲੱਡ ਪ੍ਰੈਸ਼ਰ ,ਪੀਲੀਆ, ਆਦਿ ਰੋਗਾਂ ਦੇ ਲਈ ਅੰਬ ਦਾ ਪ੍ਰਯੋਗ ਫਾਇਦੇਮੰਦ ਹੁੰਦਾ ਹੈ।

* ਮਾਨਸਿਕ ਰੋਗਾਂ ਵਿਚ ਇਹ ਬਹੁਤ ਲਾਭਦਾਇਕ ਹੈ।

* ਅੰਬ ਦਾ ਲਗਾਤਾਰ ਪ੍ਰਯੋਗ ਰੰਗ ਨੂੰ ਸਾਫ ਕਰਦਾ ਹੈ.ਅਤੇ ਚਿਹਰੇ ਤੇ ਲਾਲੀ ਲੈ ਕੇ ਆਉਂਦਾ ਹੈ।

* ਅਸੀ ਕੱਚੇ ਅੰਬਾਂ ਦਾ ਮੁਰੱਬਾ ਅਤੇ ਚਟਨੀ ਵੀ ਬਣਾ ਸਕਦੇ ਹਾਂ ।ਮਰੱਬਾ ਬਨਾਉਣ ਲਈ ਦੁੱਗਣੀ ਮਾਤਰਾ ਵਿਚ ਖੰਡ ਪਾ ਦਿਓ, ਅਤੇ ਚਾਸ਼ਨੀ ਬਣਾ ਲਓ ਅਤੇ ਹੌਲੀ ਹੌਲੀ ਅੱਗ ਤੇ ਪਕਾ ਲਵੋ ।ਇਸ ਵਿੱਚ ਪੰਜ ਤੋਂ ਦੱਸ ਬੂੰਦਾ ਏਸੀਟਿਕ ਐਸਿਡ ਅਤੇ ਇੱਕ ਗ੍ਰਾਮ ਸੋਡੀਅਮ.ਮੋਨੋ.ਬੇਨਜੋਏਟ ਮਿਲਾ ਦਿਓ।

* ਤੁਸੀਂ ਅੰਬ ਦਾ ਜੈਮ ਵੀ ਬਣਾ ਸਕਦੇ ਹੋ ।ਅੱਜਕੱਲ ਅੰਬ ਦੀ ਅਈਸ ਕਰੀਮ ਬਣਦੀ ਹੈ ।

ਕੱਚੇ ਅੰਬਾਂ ਦਾ ਅਚਾਰ ਵੀ ਪਾ ਕੇ ਸਾਲ ਭਰ ਲਈ ਰੱਖ ਸਕਦੇ ਹੋ।

ਸ਼ੁਭ ਚਿੰਤਕ ਪਾਠਕ।



**ਡਾਕਟਰ ਭੱਪਰ ਝਬੇਲਵਾਲੀ।**
**ਪਿੰਡ ਅਤੇ ਡਾਕਖਾਨਾ ਝਬੇਲਵਾਲੀ।**
**ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ।**
**6284145349**

# ਸਮਰ ਕੈਂਪ ਲਗਾਉਣ ਦਾ ਮੰਤਵ ਅਤੇ ਰੁਝਾਨ

ਸਮਰ ਕੈਂਪ ਲਗਾਉਣਾ ਅੱਜ ਦੇ ਸਕੂਲਾਂ ਦਾ ਰਿਵਾਜ ਜਾਂ ਮਜ਼ਬੂਰੀ ਬਣ ਗਈ ਹੈ ਜਾਂ ਫਿਰ ਕੁਝ ਸੰਸਥਾਵਾਂ ਵੱਲੋਂ ਸਿਰਫ਼ ਕਮਾਈ ਦੇ ਸਾਧਨ ਵਜੋਂ ਵਰਤਿਆ ਜਾਂਦਾ ਹੈ। ਇਸ ਸਭ ਨੂੰ ਜਾਨਣ ਤੋਂ ਪਹਿਲਾਂ ਆਪਾਂ ਜੇ ਸਮਰ ਕੈਂਪ ਦੇ ਇਤਿਹ-ਾਸ ਤੇ ਨਜ਼ਰ ਮਾਰੀਏ ਤਾਂ ਸਮਰ ਕੈਂਪ ਦਾ ਇਤਿਹਾਸ ਬਹੁਤ ਪੁਰਾਣਾ ਹੈ। ਇਸ ਦੀ ਸ਼ੁਰੂਆਤ ਇੱਕ ਬਹੁਤ ਵੱਡੇ ਮਕਸਦ ਨਾਲ ਕੀਤੀ ਗਈ ਸੀ। ਗਰਮੀਆਂ ਦੀਆਂ ਛੁੱਟੀਆਂ ਦੌਰਾਨ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ 1861 ਈ: ਵਿੱਚ ਅਮਰੀਕਾ ਦੇ ਕਨੈਕਟੀਕਟਕਟ ਵਿੱਚ ਹੋਈ ਸੀ।ਇਸ ਦੀ ਸ਼ੁਰੂਆਤ ਫਰੈਡਰਿਕ ਡਬਲਯੂ. ਗਨ ਨਾਮਕ ਅਧਿਆਪਕ ਦੁਆਰਾ ਕੀਤੀ ਗਈ ਸੀ। ਉਹਨਾਂ ਨੇ ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਸੰਤੁਲਨ ਨੂੰ ਬਣਾਈ ਰੱਖਣ ਲਈ ਉਹਨਾਂ ਨੂੰ ਦੋ ਹਫ਼ਤਿਆਂ ਲਈ ਬਾਹਰ ਪਹਾੜਾਂ ਅਤੇ ਕੁਦਰਤੀ ਮਾਹੌਲ ਵਿੱਚ ਕੈਂਪ ਲਗਾ ਕੇ ਵੱਖ-ਵੱਖ ਗਤੀਵਿਧੀਆਂ ਜਿਵੇਂ ਹਾਈਕਿੰਗ, ਤੈਰਾਕੀ ਅਤੇ ਸੈਰ-ਸਪਾਟਾ ਵਰਗੀਆਂ ਗਤੀਵਿਧੀਆਂ ਕਰਵਾਈਆਂ ਸਨ। ਉਹਨਾਂ ਵੱਲੋਂ ਸਮਰ ਕੈਂਪ ਬੱਚਿਆਂ ਦੇ ਸਰਵਪੱਖੀ ਵਿਕਾਸ ਦੇ ਮਕਸਦ ਨਾਲ ਸ਼ੁਰੂ ਕੀਤਾ ਗਿਆ ਸੀ। ਇਸ ਵਿੱਚ ਬੱਚਿਆਂ ਨੂੰ ਨਵੇਂ ਹੁਨਰ ਸਿੱਖਣਾ, ਆਤਮ-ਵਿਸ਼ਵਾਸ ਵਧਣਾ ਅਤੇ ਸਮਾਜਿਕ ਘੁਲਮਿਲਣਾ ਆਦਿਕ ਸਿਖਾਉਣ ਦਾ ਟੀਚਾ ਮਿੱਥਿਆ ਗਿਆ ਸੀ । ਉਹਨਾਂ ਦਾ ਮੰਨਣਾ ਸੀ ਕਿ ਸਮਰ ਕੈਂਪ ਗਰਮੀਆਂ ਦੀਆਂ ਛੁੱਟੀਆਂ ਦਾ ਸਹੀ ਉਪਯੋਗ ਕਰਦੇ ਹੋਏ ਬੱਚਿਆਂ ਨੂੰ ਮਾਨਸਿਕ ਤੌਰ 'ਤੇ ਕਿਰਿਆਸ਼ੀਲ ਅਤੇ ਤੰਦਰੁਸਤ ਰੱਖਦੇ ਹਨ।


ਯੂਰੇਕਾ ਵੱਲੋਂ ਭਾਰਤ ਵਿੱਚ ਸਿੱਖਣ-ਆਧਾਰਿਤ ਜੰਗਲੀ ਸਮਰ ਕੈਂਪਾਂ ਦੇ ਸੰਕਲਪ ਦੀ ਸ਼ੁਰੂਆਤ ਇਸ ਸੰਸਥਾ ਨੇ ਕੀਤੀ, ਜਿਨ੍ਹਾਂ ਨੇ 1996 ਵਿੱਚ ਸੀਤਲਾਖੇਤ, ਉੱਤਰਾਖੰਡ ਵਿਖੇ ਆਪਣਾ ਮੁੱਖ ਕੈਂਪ ਖੋਲ੍ਹਿਆ।

ਇਸ ਤੋਂ ਇਲਾਵਾ ਕਿਸੇ ਇੱਕ ਅਧਿਕਾਰਤ ਜਾਂ ਕੇਂਦਰੀ ਸੰਸਥਾ ਦੁਆਰਾ "ਪਹਿਲੇ ਸਮਰ ਕੈਂਪ" ਦੀ ਸਹੀ ਮਿਤੀ ਦਾ ਕੋਈ ਲਿਖਤੀ ਇਤਿਹਾਸਕ ਪ੍ਰਮਾਣ ਨਹੀਂ ਹੈ। ਹਾਲਾਂਕਿ, ਭਾਰਤ ਵਿੱਚ ਸਮਰ ਕੈਂਪਾਂ ਦੀ ਸ਼ੁਰੂਆਤ 20ਵੀਂ ਸਦੀ ਦੇ ਮੱਧ ਵਿੱਚ ਹੋਈ, ਜਿਸ ਵਿੱਚ ਭਾਰਤੀ ਸਕਾਊਟਸ ਅਤੇ ਗਾਈਡਜ਼ ਅਤੇ ਵੱਖ-ਵੱਖ ਧਾਰਮਿਕ ਸੰਸਥਾਵਾਂ ਨੇ ਬੱਚਿਆਂ ਦੇ ਵਿਕਾਸ ਲਈ ਪਹਿਲਕਦਮੀ ਕੀਤੀ ਸੀ। ਅੱਜ ਕੱਲ੍ਹ ਸਮਰ ਕੈਂਪ ਵੀ ਕਈ ਤਰ੍ਹਾਂ ਦੇ ਲਗਾਏ ਜਾਂਦੇ ਹਨ। ਕਈ ਲੋਕ ਡੇ ਕੈਂਪ ਲਗਾਉਂਦੇ ਹਨ,ਇਹ ਕੈਂਪ ਦਿਨ ਦੇ ਸਮੇਂ ਕੁਝ ਘੰਟਿਆਂ ਲਈ ਲੱਗਦੇ ਹਨ ਅਤੇ ਬੱਚੇ ਸਵੇਰ ਨੂੰ ਜਾ ਕੇ ਸ਼ਾਮ ਨੂੰ ਆਪਣੇ ਘਰ ਵਾਪਸ ਪਰਤ ਆਉਂਦੇ ਹਨ । ਕੋਈ ਕੋਈ ਸੰਸਥਾਵਾਂ ਜਾਂ ਔਰਗੇਨਾਈਜ਼ਰ ਕਈ ਕਈ ਦਿਨ ਦੇ ਕੈਂਪ ਵੀ ਲਗਾਉਂਦੇ ਹਨ ਜਿਸ ਵਿੱਚ ਬੱਚੇ ਕਈ ਦਿਨਾਂ ਲਈ ਕੈਂਪ ਵਾਲੀ ਥਾਂ 'ਤੇ ਹੀ ਰਹਿੰਦੇ ਹਨ । ਉੱਥੇ ਬੱਚਿਆਂ ਨੂੰ ਆਪਣੀ ਸੁਰੱਖਿਆ ਦੇ ਨਾਲ਼ ਨਾਲ਼ ਆਪਣੀਆਂ ਗਤੀਵਿਧੀਆਂ ਤੇ ਸਮਾਜਿਕ ਭਲਾਈ ਦੇ ਕੰਮ ਕਾਜ ਸਿਖਾਉਣ ਦੀ ਜ਼ਿੰਮੇਵਾਰੀ ਨਿਭਾਈ ਜਾਂਦੀ ਹੈ। ਬਹੁਤੇ ਲੋਕਾਂ ਜਾਂ ਸੰਸਥਾਵਾਂ ਵੱਲੋਂ ਖੇਡਾਂ, ਡਾਂਸ, ਵਿਗਿਆਨ, ਆਰਟ ਐਂਡ ਕਰਾਫਟ, ਜਾਂ ਐਡਵੈਂਚਰ 'ਤੇ ਆਧਾਰਿਤ ਤੇ ਸਮਰ ਕੈਂਪ ਲਗਾਉਣ ਦਾ ਰੁਝਾਨ ਵਧਿਆ ਹੈ। ਕੁਝ ਦਿਨਾਂ ਲਈ ਇਹੋ ਜਿਹੇ ਸਮਰ ਕੈਂਪ ਲਗਾ ਕੇ ਮਾਪਿਆਂ ਤੋਂ ਮੋਟੀਆਂ ਫੀਸਾਂ ਵਸੂਲੀਆਂ ਜਾਂਦੀਆਂ ਹਨ।

ਅਸਲ ਵਿੱਚ ਸਮਰ ਕੈਂਪਾਂ ਵਿੱਚ ਜਾ ਕੇ ਬੱਚੇ ਖੇਡਾਂ, ਚਿੱਤਰਕਾਰੀ, ਡਾਂਸ, ਸੰਗੀਤ, ਅਤੇ ਰੋਬੋਟਿਕਸ ਵਰਗੀਆਂ ਨਵੀਆਂ ਚੀਜ਼ਾਂ ਸਿੱਖਦੇ ਹਨ। ਇਹ ਕੈਂਪ ਬੱਚਿਆਂ ਨੂੰ ਮੋਬਾਈਲ ਅਤੇ ਟੀਵੀ ਤੋਂ ਦੂਰ ਰੱਖ ਕੇ ਸਰੀਰਕ ਗਤੀਵਿਧੀਆਂ ਵਿੱਚ ਰੁਝਾਉਂਦੇ ਹਨ। ਵੱਖ-ਵੱਖ ਸਕੂਲਾਂ ਦੇ ਬੱਚਿਆਂ ਨਾਲ ਮਿਲਣ-ਜੁਲਣ ਅਤੇ ਸਟੇਜ ਗਤੀਵਿਧੀਆਂ ਵਿੱਚ ਹਿੱਸਾ ਲੈਣ ਨਾਲ ਬੱਚਿਆਂ ਦਾ ਡਰ ਦੂਰ ਹੁੰਦਾ ਹੈ।ਇੱਕ ਹੋਣਹਾਰ ਸ਼ਖ਼ਸੀਅਤ ਵਜੋਂ ਉਭਰਨ ਦਾ ਮੌਕਾ ਪ੍ਰਦਾਨ ਕਰਦੇ ਹਨ। ਸਮਰ ਕੈਂਪਾਂ ਵਿੱਚ ਜਾ ਕੇ ਬੱਚੇ ਸਵੈ ਨਿਰਭਰਤਾ ਸਿੱਖਦੇ ਹਨ। ਬੱਚੇ ਛੋਟੇ-ਛੋਟੇ ਕੰਮ ਖੁਦ ਕਰਨੇ ਸਿੱਖਦੇ ਹਨ, ਜਿਸ ਨਾਲ ਉਨ੍ਹਾਂ ਵਿੱਚ ਆਜ਼ਾਦ ਰਹਿਣ ਦੀ ਭਾਵਨਾ ਪੈਦਾ ਹੁੰਦੀ ਹੈ। ਕਈ ਸਮਰ ਕੈਂਪ ਸਭਿਆਚਰਕ ਗਤੀਵਿਧੀਆਂ ਨਾ਼ਲ ਸਬੰਧਤ ਹੋਣ ਕਰਕੇ ਬੱਚੇ ਗਿੱਧਾ, ਭੰਗੜਾ, ਲੋਕ ਨਾਚ, ਅਤੇ ਸੰਗੀਤ ਸਿਖਾਉਂਦੇ ਹਨ। ਬਹੁਤ ਜਗ੍ਹਾ ਬੱਚਿਆਂ ਨੂੰ ਕਲਾ ਅਤੇ ਹੁਨਰ ਨਾ਼ਲ ਜੋੜਨ ਦੇ ਮਕਸਦ ਨਾਲ ਡਰਾਇੰਗ, ਪੇਂਟਿੰਗ, ਮਿੱਟੀ ਦੇ ਖਿਡੌਣੇ ਬਣਾਉਣਾ, ਅਤੇ ਕੈਲੀਗ੍ਰਾਫੀ ਸੁੰਦਰ ਲਿਖਾਈ ਆਦਿ ਸਿਖਾਉਣ ਦਾ ਮਕਸਦ ਤੈਅ ਕੀਤਾ ਜਾਂਦਾ ਹੈ। ਬਹੁਤ ਲੋਕ ਖੇਡਾਂ ਦੇ,ਯੋਗਾ ਸਿਖਾਉਣ ਅਤੇ ਮੈਡੀਟੇਸ਼ਨ, ਕਰਾਟੇ, ਅਤੇ ਹੋਰ ਮੈਦਾਨੀ ਖੇਡਾਂ ਦੇ ਸਮਰ ਕੈਂਪਾਂ ਦਾ ਆਯੋਜਨ ਵੀ ਕਰਦੇ ਹਨ।

ਸਮਰ ਕੈਂਪ ਲਗਾਉਣ ਦਾ ਮਕਸਦ ਬਹੁਤ ਵਧੀਆ ਹੈ ਪਰ ਕੀ ਸਾਡੇ ਦੇਸ਼ ਵਿੱਚ ਬੱਚਿਆਂ ਵਿੱਚ ਹੁਨਰ ਵਿਕਾਸ ਜਾਂ ਵਾਧੂ ਸਿੱਖਿਆ ਦੇਣ ਲਈ ਜਾਂ ਕਲਾ ਕਿਰਤਾਂ ਨਾ਼ਲ ਜੋੜਨ ਲਈ ਜਾਂ ਫਿਰ ਸਭਿਆਚਾਰਕ ਗਤੀਵਿਧੀਆਂ ਨਾ਼ਲ ਜੋੜਨ ਲਈ ਸੱਚਮੁੱਚ ਸਹਾਈ ਸਿੱਧ ਹੋ ਰਿਹਾ ਹੈ? ਜਾਂ ਫਿਰ ਲੋਕਾਂ ਨੇ ਇਸ ਨੂੰ ਇੱਕ ਦੋ ਮਹੀਨੇ ਵਿੱਚ ਮੋਟੀ ਕਮਾਈ ਕਰਨ ਦੇ ਮਕਸਦ ਨਾਲ ਆਯੋਜਨ ਕਰਨਾ ਸ਼ੁਰੂ ਕਰ ਦਿੱਤਾ ਹੈ। ਗਰਮੀਆਂ ਦੀਆਂ ਛੁੱਟੀਆਂ ਤੋਂ ਪਹਿਲਾਂ ਹੀ ਬਹੁਤ ਸਾਰੀਆਂ ਨਿੱਜੀ ਸੰਸਥਾਵਾਂ ਵੱਲੋਂ ਸਮਰ ਕੈਂਪ ਦੀਆਂ ਮਸ਼ਹੂਰੀਆਂ ਆਉਣ ਲੱਗ ਜਾਂਦੀਆਂ ਹਨ। ਉਸ ਵਿੱਚ ਦਿੱਤੀ ਜਾਣ ਵਾਲੀ ਸਿਖਲਾਈ ਅਤੇ ਬਹੁਤ ਸਾਰੀਆਂ ਸੁੱਖ ਸਹੂਲਤਾਂ ਬਾਰੇ ਦੱਸਿਆ ਜਾਂਦਾ ਹੈ। ਬਹੁਤੇ ਅਮੀਰ ਜਾਂ ਮੱਧਵਰਗੀ ਮਾਪੇ ਆਪਣੇ ਬੱਚਿਆਂ ਲਈ ਇਹੋ ਜਿਹੇ ਸਮਰ ਕੈਂਪ ਚੁਣਦੇ ਹਨ। ਇਹ ਵੀ ਵੇਖਣ ਨੂੰ ਆਇਆ ਹੈ ਕਿ ਅੱਜ ਕੱਲ੍ਹ ਤਕਰੀਬਨ ਸਾਰੇ ਸਕੂਲਾਂ ਵੱਲੋਂ ਬੜੀ ਚਲਾਕੀ ਨਾਲ ਸੈਸ਼ਨ ਦੇ ਸ਼ੁਰੂ ਵਿੱਚ ਹੀ ਦਾਖ਼ਲੇ ਸਮੇਂ ਐਕਟਿਵਿਟੀ ਚਾਰਜ ਦੇ ਨਾਂ ਹੇਠ ਮੋਟੀ ਫੀਸ ਵਸੂਲ ਲਈ ਜਾਂਦੀ ਹੈ। ਰਸਮੀ ਤੌਰ ਤੇ ਗਰਮੀਆਂ ਦੀਆਂ ਛੁੱਟੀਆਂ ਦਾ ਐਲਾਨ ਕਰਨ ਤੋਂ ਬਾਅਦ ਸਕੂਲਾਂ ਵਿੱਚ ਬੱਚਿਆਂ ਨੂੰ "ਸਮਰ ਕੈਂਪ" ਲਈ ਦਸ ਤੋਂ ਪੰਦਰਾਂ ਦਿਨਾਂ ਤੱਕ ਬੁਲਾਇਆ ਜਾਂਦਾ ਹੈ ਤਾਂ ਜੋ ਇੱਕ ਤਾਂ ਉਹ ਅਧਿਆਪਕਾਂ ਤੋਂ ਤਨਖਾਹ ਬਦਲੇ ਵਾਧੂ ਕੰਮ ਵੀ ਲੈ ਲੈਂਦੇ ਹਨ ਤੇ ਦੂਜਾ ਇਹ ਕਮਾਈ ਦਾ ਵੀ ਵਧੀਆ ਸਾਧਨ ਹੈ। ਬੱਚੇ ਦਸ ਤੋਂ ਪੰਦਰਾਂ ਦਿਨਾਂ ਵਿੱਚ ਕੀ ਸਿੱਖਦੇ ਹਨ, ਅਖੀਰਲੇ ਦਿਨ ਇੱਕ ਪ੍ਰਦਰਸ਼ਨੀ ਲਗਾ ਕੇ ਦਿਖਾ ਦਿੱਤਾ ਜਾਂਦਾ ਹੈ।

ਸਾਡੇ ਸਮਾਜਿਕ ਜਾਂ ਸਾਕੇਦਾਰੀ ਦੀਆਂ ਰਿਸ਼ਤੇਦਾਰੀਆਂ ਦੇ ਆਪਸੀ ਵਿਸ਼ਵਾਸ ਅਤੇ ਮਿਲਵਰਤਣ ਵਿੱਚ ਕਮੀ ਆ ਗਈ ਹੈ ਜਿਸ ਕਾਰਨ ਬੱਚਿਆਂ ਨੂੰ ਗਰਮੀਆਂ ਦੀਆਂ ਛੁੱਟੀਆਂ ਬਿਤਾਉਣ ਲਈ ਜਾਂ ਤਾਂ ਆਪਣੇ ਮਾਪਿਆਂ ਨਾਲ ਕਿਤੇ ਪਹਾੜਾਂ ਵਿੱਚ ਘੁੰਮਣ ਜਾਣਾ ਪੈਂਦਾ ਹੈ ਜਾਂ ਘਰ ਬੈਠ ਕੇ ਹੀ ਛੁੱਟੀਆਂ ਦਾ ਆਨੰਦ ਲਿਆ ਜਾਂਦਾ ਹੈ। ਅਜੋਕੇ ਮਾਪੇ ਵੀ ਜਾਂ ਤਾਂ ਦੋਵੇਂ ਕੰਮ ਕਾਜੀ ਹੋਣ ਕਰਕੇ ਜਾਂ ਸਾਰਾ ਦਿਨ ਘਰ ਵਿੱਚ ਬੱਚਿਆਂ ਦੇ ਰੌਲ਼ੇ ਰੱਪੇ ਤੋਂ ਬਚਣ ਲਈ ਫ਼ੀਸ ਭਰ ਕੇ ਸਮਰ ਕੈਂਪ ਵਿੱਚ ਬੱਚਿਆਂ ਨੂੰ ਭੇਜਣਾ ਪਸੰਦ ਕਰਦੇ ਹਨ। ਕਈ ਲੋਕ ਤਾਂ ਸਕੂਲ ਤੋਂ ਮਿ਼ਲੇ ਛੁੱਟੀਆਂ ਦਾ ਕੰਮ ਕਰਵਾਉਣ ਲਈ ਵੀ ਸਮਰ ਕੈਂਪ ਲਗਾਉਣ ਲੱਗ ਪਏ ਹਨ। ਮਾਪੇ ਇਹੋ ਜਿਹੇ ਸਮਰ ਕੈਂਪਾਂ ਵਿੱਚ ਬੱਚਿਆਂ ਨੂੰ ਭੇਜ ਕੇ ਆਪਣੀ ਸਿਰਦਰਦੀ ਤੋਂ ਮੁਕਤ ਹੋ ਜਾਂਦੇ ਹਨ। ਜੋ ਵੀ ਹੈ ਕਿਤੇ ਨਾ ਕਿਤੇ 'ਸਮਰ ਕੈਂਪ ' ਬਹੁਤ ਸਾਰੇ ਬੇਰੁਜ਼ਗਾਰ ਲੋਕਾਂ ਨੂੰ ਥੋੜ੍ਹਾ ਬਹੁਤ ਰੋਜ਼ਗਾਰ ਮੁਹੱਈਆ ਕਰਨ ਦੇ ਨਾਲ ਨਾਲ ਮਾਪਿਆਂ ਅਤੇ ਬੱਚਿਆਂ ਲਈ ਵੀ ਲਾਹੇਵੰਦ ਸਾਬਤ ਹੋ ਰਹੇ ਹਨ।



**ਬਰਜਿੰਦਰ ਕੌਰ ਬਿਸਰਾਓ...**
**9988901324**

# (ਇਹ ਦੁਨੀਆਂ ਭੀੜ ਦਾ ਮੇਲਾ)




ਚਲ ਅਕੇਲਾ ! ਚਲ ਅਕੇਲਾ ! ਸਾਥੀ,ਚਲ ਅਕੇਲਾ !! ਤੇਰਾ ਮੇਲਾ ਛੁੱਟਿਆ ਪਿੱਛੇ, ਰਾਹੀ ਚਲ ਅਕੇਲਾ। ਇਹ ਦੁਨੀਆਂ ਭੀੜ ਦਾ ਮੇਲਾ। ਅੰਦਰ ਤੋਂ ਹੈ ਇਨਸਾਨ ਅਕੇਲਾ। ਹੱਸਦਾ ਚਿਹਰਾ, ਰੋਂਦੀ ਰੂਹ, ਕਿਸ ਨੂੰ ਕਹੀਏ ਮਨ ਦਾ ਝਮੇਲਾ। ਗਲੀ ਗਲੀ ਵਿੱਚ, ਸ਼ੋਰ ਪੈ ਰਿਹਾ, ਹਰ ਕੋਈ ਆਪਣੇ, ਰੰਗ ਵਿੱਚ ਰਚਿਆ, ਚਿਹਰੇ ਤੇ ਹੈ ਮੁਸਕਾਨ ਸਜੀ,ਪਰ ਭੀਤਰ ਤੋਂ ਹਰ ਦਿਲ ਪਿਆ ਹੈ ਟੁੱਟਿਆ। ਕੋਈ ਦੌੜੇ ਦੌਲਤ ਦੇ ਪਿੱਛੇ, ਕੋਈ ਕਾਮ ਦੀ ਅੱਗ ਵਿੱਚ ਜਲੇਲਾ। ਸੰਬੰਧਾਂ ਦੇ ਧਾਗੇ ਕੱਚੇ, ਸਵਾਰਥ ਲੱਗਣ ਸਭ ਦੇ ਅੱਛੇ। ਸਭ ਦੇ ਸੰਗ ਬੈਠੀ ਵੀ ਮਨ ਕਿਉਂ ਦੁੱਖ ਝੇਲਾ ? ਜਦੋਂ ਤੱਕ ਮਤਲਬ, ਸਾਥ ਨਿਭਾਵੇ, ਫਿਰ ਛੱਡੇ ਸਾਥ ਜਿਉਂ ਪੱਤੇ ਸੁੱਕੇ। ਜਿਸ ਨੂੰ ਸਮਝਿਆ ਆਪਣਾ ਸਾਥੀ, ਉਹ ਵੀ ਨਿਕਲਿਆ ਰਾਹ ਦਾ ਰੇਲਾ। ਦੁੱਖ ਦੀਆਂ ਰਾਤਾਂ ਨੂੰ ਐ ਮਨਾਂ,ਕਿਸ ਨੇ ਆ ਕੇ ਹੱਥ ਥਾਮੇਲਾ ?

ਇਹ ਦੁਨੀਆ ਭੀੜ ਦਾ ਮੇਲਾ..............!

ਮੋਬਾਈਲ ਵਿੱਚ ਦੁਨੀਆ ਹੈ ਵੱਸਦੀ,ਪਰ ਅੱਖਾਂ ਵਿੱਚ ਕਿਤਨਾ ਹੈ ਹੱਸਦੀ। ਸੌ ਸੌ ਰਿਸ਼ਤੇ,ਸਕਰੀਨ ਤੇ ਮਿਲਦੇ, ਦਿਲ ਦੀ ਚੌਖਟ, ਫਿਰ ਵੀ ਤਰਸਦੀ। ਭੀੜ ਭਰੇ ਬਾਜ਼ਾਰਾਂ ਦੇ ਵਿੱਚ, ਇੱਥੇ ਕੌਣ ਹੈ ਤੇਰਾ ? ਸਭ ਨੇ ਅਪਣੀ, ਪਿਆਸ ਬੁਝਾਈ, ਕੌਣ ਸੁਣੇਗਾ, ਦਰਦ ਇਹ ਮੇਰਾ। ਰਾਤ ਅੰਧੇਰੀ, ਜਦੋਂ ਘਿਰ ਆਉਂਦੀ ਚੁੱਪਕੇ ਚੁੱਪਕੇ, ਤਨਹਾਈ ਫਿਰ ਬਾਹਵਾਂ ਫੈਲਾਵੇ। ਮਨ ਮੰਦਰ ਵਿੱਚ ਗੂੰਜੇ ਸੰਨਾਟਾ, ਸਾਂਸ ਸਾਂਸ ਲੱਗੇ ਝਮੇਲਾ। ਕਬੀਰ ਕਹੇ, ਸੁਨ ਰੇ ਬੰਦੇ, ਝੂਠਾ ਜੱਗ ਦਾ ਹਰ ਇੱਕ ਮੇਲਾ। ਜਿਸ ਨੂੰ ਖੋਜੈਂ ਬਾਹਰ ਬਾਹਰ, ਉਹ ਬੈਠਾ ਤੇਰੇ ਅੰਦਰ। ਭੀੜ



ਨਹੀਂ ਦੇ ਪਾਵੇਗੀ ਸੁਖ, ਜਦੋਂ ਸਾਰੇ ਰਿਸ਼ਤੇ ਟੁੱਟ ਜਾਣੇ। ਸੱਚਾ ਸਾਥੀ ਹੈ ਪਰਮੇਸ਼ਰ ਤੇਰਾ। ਰਾਮ ਪ੍ਰਭੂ ਦਾ ਬਣ ਜਾ ਬੇੜਾ। ਰਾਮ ਨਾਮ ਦੀ, ਡੋਰ ਤੂੰ ਫੜ ਲੈ, ਕੱਟ ਜਾਵੇਗਾ ਦੁੱਖ ਦਾ ਘੇਰਾ। ਨਾ ਕੋਈ ਅਪਣਾ, ਨਾ ਬੇਗਾਨਾ, ਦੋ ਦਿਨ ਦਾ ਹੈ ਆਣਾ ਜਾਣਾ। ਮਿੱਟੀ ਦਾ ਤਨ ਮਿਟ ਜਾਵੇਗਾ, ਛੂਟੇਗਾ ਜੱਗ ਦਾ ਮੇਲਾ।

ਇਹ ਦੁਨੀਆ ਭੀੜ ਦਾ ਮੇਲਾ................!

ਅੰਤ ਸਮੇਂ ਬਸ ਮਨ ਦਾ ਸਹਾਰਾ, ਬਾਕੀ ਸਭ ਹੈ ਰੇਤ ਦਾ ਰੇਲਾ। ਜਦੋਂ ਜਦੋਂ ਮਨ ਤਨਹਾ ਜਾਵੇ, ਕੋਈ ਆਪਣਾ ਨਜ਼ਰ ਨਾ ਆਵੇ। ਅੱਖਾਂ ਬੰਦ ਕਰਕੇ ਝਾਤੀ ਮਾਰ, ਪ੍ਰਭੂ ਨੂੰ ਪੁਕਾਰ, ਉਹ ਦੌੜਿਆ ਦੌੜਿਆ ਤੇਰੇ ਪਾਸ ਆਵੇ। ਬਣਜਾ ਬਸ ਉਸਦਾ ਚੇਲਾ। ਇਹ ਦੁਨੀਆ ਭੀੜ ਦਾ ਮੇਲਾ.................!



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ : 9878469639**

# ਟੈਲੀਸਾਈਕੋਲੋਜੀ ਦਾ ਭੇਤ

ਅੱਜ ਦੇ ਤੇਜ਼ੀ ਨਾਲ ਬਦਲ ਰਹੇ ਤਕਨੀਕੀ ਯੁੱਗ ਵਿੱਚ ਮਨੁੱਖੀ ਜੀਵਨ ਦਾ ਹਰ ਖੇਤਰ ਡਿਜ਼ੀਟਲ ਤਬਦੀਲੀ ਦੇ ਅਸੀਮਿਤ ਪ੍ਰਭਾਵ ਅਧੀਨ ਤਰੱਕੀ ਕਰ ਰਿਹਾ ਹੈ। ਸਿੱਖਿਆ, ਵਪਾਰ, ਸਿਹਤ ਅਤੇ ਸਮਾਜਿਕ ਸੰਚਾਰ ਦੇ ਨਾਲ-ਨਾਲ ਮਨੋਵਿਗਿਆਨਕ ਸੇਵਾਵਾਂ ਵੀ ਹੁਣ ਰਵਾਇਤੀ ਕਲੀਨਿਕਾਂ ਦੀਆਂ ਚਾਰਦਿਵਾਰੀਆਂ ਤੋਂ ਬਾਹਰ ਨਿਕਲ ਕੇ ਡਿਜ਼ੀਟਲ ਮਾਧਿਅਮਾਂ ਤੱਕ ਪਹੁੰਚ ਚੁੱਕੀਆਂ ਹਨ। ਵੀਡੀਓ ਕਾਲਾਂ, ਟੈਲੀਫੋਨ, ਮੋਬਾਈਲ ਐਪਲੀਕੇਸ਼ਨਾਂ, ਈ-ਮੇਲਾਂ ਅਤੇ ਆਨਲਾਈਨ ਪਲੇਟਫਾਰਮਾਂ ਰਾਹੀਂ ਮਨੋਵਿਗਿਆਨਕ ਸਲਾਹ ਅਤੇ ਇਲਾਜ ਪ੍ਰਦਾਨ ਕਰਨ ਦੀ ਇਸ ਪ੍ਰਕਿਰਿਆ ਨੂੰ ਟੈਲੀਸਾਈਕੋਲੋਜੀ ਕਿਹਾ ਜਾਂਦਾ ਹੈ।

ਟੈਲੀਸਾਈਕੋਲੋਜੀ ਦਾ ਅਰਥ ਹੈ ਦੂਰਸੰਚਾਰ ਤਕਨੀਕ ਦੀ ਮਦਦ ਨਾਲ ਮਨੋਵਿਗਿਆਨਕ ਸੇਵਾਵਾਂ ਦੀ ਪਹੁੰਚ ਮੁੱਹਈਆ ਕਰਵਾਉਣਾ। ਇਸ ਵਿੱਚ ਮਨੋਵਿਗਿਆਨਕ ਮੁਲਾਂਕਣ, ਕਾਊਂਸਲਿੰਗ, ਥੈਰੇਪੀ, ਸਲਾਹ-ਮਸ਼ਵਰਾ ਅਤੇ ਮਾਨਸਿਕ ਸਿਹਤ ਸਬੰਧੀ ਸਿੱਖਿਆ ਨੂੰ ਡਿਜ਼ੀਟਲ ਸਾਧਨਾਂ ਰਾਹੀਂ ਲੋਕਾਂ ਤੱਕ ਪਹੁੰਚਾਇਆ ਜਾਂਦਾ ਹੈ। ਸਧਾਰਨ ਸ਼ਬਦਾਂ ਵਿੱਚ, ਇਹ ਮਨੋਵਿਗਿਆਨ ਅਤੇ ਆਧੁਨਿਕ ਸੰਚਾਰ ਤਕਨੀਕ ਦਾ ਅਜਿਹਾ ਸੁਮੇਲ ਹੈ ਜੋ ਮਨੁੱਖ ਨੂੰ ਆਪਣੇ ਘਰ ਬੈਠਿਆਂ ਹੀ ਮਾਹਿਰ ਮਨੋਵਿਗਿਆਨੀ ਨਾਲ ਜੁੜਨ ਦੀ ਸਹੂਲਤ ਪ੍ਰਦਾਨ ਕਰਦਾ ਹੈ।

ਭਾਵੇਂ ਕਿ ਟੈਲੀਫੋਨ ਹੈਲਪਲਾਈਨਾਂ ਦੇ ਰੂਪ ਵਿੱਚ ਦੂਰਵਰਤੀ ਸਲਾਹ-ਮਸ਼ਵਰੇ ਦੀ ਪ੍ਰਥਾ ਕਈ ਦਹਾਕਿਆਂ ਤੋਂ ਮੌਜੂਦ ਸੀ, ਪਰ ਟੈਲੀਸਾਈਕੋਲੋਜੀ ਨੂੰ ਅਸਲ ਪ੍ਰਸਿੱਧੀ ਕੋਵਿਡ-19 ਮਹਾਂਮਾਰੀ ਦੌਰਾਨ ਮਿਲੀ ਸੀ। ਲੌਕਡਾਊਨ, ਸਮਾਜਿਕ ਦੂਰੀ ਅਤੇ ਵੱਧ ਰਹੇ ਮਾਨਸਿਕ ਤਣਾਅ ਨੇ ਮਨੋਵਿਗਿਆਨਕ ਮਾਹਿਰਾਂ ਨੂੰ ਨਵੇਂ ਰਸਤੇ ਅਪਣਾਉਣ ਲਈ ਮਜਬੂਰ ਕੀਤਾ। ਜੋ ਵਿਵਸਥਾ ਉਸ ਸਮੇਂ ਇੱਕ ਲੋੜ ਵਜੋਂ ਸ਼ੁਰੂ ਹੋਈ ਸੀ, ਉਹ ਅੱਜ ਇੱਕ ਪ੍ਰਭਾਵਸ਼ਾਲੀ ਅਤੇ ਕਾਰਗਰ ਮਾਨਸਿਕ ਸਿਹਤ ਸੇਵਾ ਦੇ ਰੂਪ ਵਿੱਚ ਵਿਕਸਤ ਹੋ ਚੁੱਕੀ ਹੈ। ਅਜੋਕੇ ਸਮੇਂ ਵਿੱਚ ਤਣਾਅ, ਚਿੰਤਾ, ਉਦਾਸੀ, ਇਕੱਲਾਪਣ, ਭਾਵਨਾਤਮਕ ਥਕਾਵਟ, ਸੋਗ ਅਤੇ ਰਿਸ਼ਤਿਆਂ ਦੇ ਟਕਰਾਅ ਵਰਗੀਆਂ ਸਮੱਸਿਆਵਾਂ ਹਰ ਉਮਰ ਵਰਗ ਨੂੰ ਪ੍ਰਭਾਵਿਤ ਕਰ ਰਹੀਆਂ ਹਨ। ਇਸ ਦੇ ਬਾਵਜੂਦ ਕਈ ਲੋਕ ਸਮਾਜਿਕ ਕਲੰਕ, ਭੂਗੋਲਿਕ ਦੂਰੀ, ਆਰਥਿਕ ਮੁਸ਼ਕਲਾਂ ਜਾਂ ਮਾਹਿਰਾਂ ਦੀ ਘਾਟ ਕਾਰਨ ਮਨੋਵਿਗਿਆਨਕ ਮਦਦ ਲੈਣ ਤੋਂ ਹਿਚਕਚਾਉਂਦੇ ਹਨ। ਟੈਲੀਸਾਈਕੋਲੋਜੀ ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਰੁਕਾਵਟਾਂ ਨੂੰ ਘਟਾਉਣ ਵਿੱਚ ਮਦਦਗਾਰ ਸਾਬਤ ਹੋ ਰਹੀ ਹੈ।



**ਪਹੁੰਚਯੋਗਤਾ ਵਿੱਚ ਵਾਧਾ**

ਟੈਲੀਸਾਈਕੋਲੋਜੀ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਇਹ ਦੂਰ-ਦੁਰਾਡੇ ਅਤੇ ਪੇਂਡੂ ਖੇਤਰਾਂ ਵਿੱਚ ਰਹਿੰਦੇ ਲੋਕਾਂ ਤੱਕ ਵੀ ਮਾਨਸਿਕ ਸਿਹਤ ਸੇਵਾਵਾਂ ਪਹੁੰਚਾਉਂਦੀ ਹੈ। ਜਿੱਥੇ ਪਹਿਲਾਂ ਮਾਹਿਰ ਮਨੋਵਿਗਿਆਨੀ ਤੱਕ ਪਹੁੰਚਣਾ ਮੁਸ਼ਕਲ ਸੀ, ਉੱਥੇ ਹੁਣ ਇੱਕ ਵਿਅਕਤੀ ਸੈਂਕੜੇ ਕਿਲੋਮੀਟਰ ਦੂਰ ਬੈਠੇ ਮਾਹਿਰ ਤੋਂ ਵੀ ਸਲਾਹ ਲੈ ਸਕਦਾ ਹੈ।

**ਸਮਾਜਿਕ ਕਲੰਕ ਵਿੱਚ ਕਮੀ**

ਸਾਡੇ ਸਮਾਜ ਵਿੱਚ ਮਾਨਸਿਕ ਸਿਹਤ ਸੰਬੰਧੀ ਮਦਦ ਲੈਣ ਨੂੰ ਅਕਸਰ ਗਲਤ ਨਜ਼ਰੀਏ ਨਾਲ ਦੇਖਿਆ ਜਾਂਦਾ ਹੈ। ਕਈ ਲੋਕ ਕਲੀਨਿਕ ਵਿੱਚ ਜਾਣ ਤੋਂ ਇਸ ਡਰ ਕਾਰਨ ਬੱਚਦੇ ਹਨ ਕਿ ਲੋਕ ਕੀ ਕਹਿਣਗੇ। ਟੈਲੀਸਾਈਕੋਲੋਜੀ ਘਰ ਬੈਠਿਆਂ ਸਲਾਹ ਲੈਣ ਦੀ ਸਹੂਲਤ ਦਿੰਦੀ ਹੈ, ਜਿਸ ਨਾਲ ਵਿਅਕਤੀ ਦੀ ਨਿੱਜਤਾ ਬਣੀ ਰਹਿੰਦੀ ਹੈ ਅਤੇ ਮਦਦ ਲੈਣ ਦੀ ਸੰਭਾਵਨਾ ਵੱਧ ਜਾਂਦੀ ਹੈ।

**ਵਧੇਰੇ ਸੁਵਿਧਾਜਨਕ ਪ੍ਰਬੰਧ**

ਵਿਦਿਆਰਥੀ, ਨੌਕਰੀਪੇਸ਼ਾ ਲੋਕ, ਮਾਪੇ ਅਤੇ ਬਜ਼ੁਰਗ ਅਕਸਰ ਸਮੇਂ ਦੀ ਘਾਟ ਕਾਰਨ ਨਿਯਮਿਤ ਕਾਊਂਸਲਿੰਗ ਨਹੀਂ ਲੈ ਸਕਦੇ। ਟੈਲੀਸਾਈਕੋਲੋਜੀ ਯਾਤਰਾ ਦਾ ਸਮਾਂ ਅਤੇ ਖ਼ਰਚਾ ਦੋਵੇਂ ਬਚਾਉਂਦੀ ਹੈ ਅਤੇ ਵਿਅਕਤੀ ਨੂੰ ਆਪਣੇ ਰੋਜ਼ਾਨਾ ਕਾਰਜਕ੍ਰਮ ਅਨੁਸਾਰ ਸਮਾਂ ਨਿਰਧਾਰਿਤ ਕਰਨ ਦੀ ਆਜ਼ਾਦੀ ਦਿੰਦੀ ਹੈ।

**ਇਲਾਜ ਦੀ ਨਿਰੰਤਰਤਾ**

ਕਈ ਵਾਰ ਤਬਾਦਲਾ, ਯਾਤਰਾ, ਸਰੀਰਕ ਅਸਮਰੱਥਾ ਜਾਂ ਹੋਰ ਕਾਰਨਾਂ ਕਰਕੇ ਰਵਾਇਤੀ ਥੈਰੇਪੀ ਵਿੱਚ ਰੁਕਾਵਟ ਆ ਜਾਂਦੀ ਹੈ। ਟੈਲੀਸਾਈਕੋਲੋਜੀ ਰਾਹੀਂ ਵਿਅਕਤੀ ਆਪਣੇ ਮਨੋਵਿਗਿਆਨੀ ਨਾਲ ਲਗਾਤਾਰ ਸੰਪਰਕ ਵਿੱਚ ਰਹਿ ਸਕਦਾ ਹੈ, ਜਿਸ ਨਾਲ ਇਲਾਜ਼ ਦੀ ਪ੍ਰਭਾਵਸ਼ੀਲਤਾ ਵੱਧਦੀ ਹੈ।

ਟੈਲੀਸਾਈਕੋਲੋਜੀ ਨੇ ਮਨੁੱਖੀ ਜੀਵਨ ਦੇ ਕਈ ਪੱਖਾਂ ਨੂੰ ਸਕਾਰਾਤਮਕ ਤੌਰ 'ਤੇ ਪ੍ਰਭਾਵਿਤ ਕੀਤਾ ਹੈ।

**ਭਾਵਨਾਤਮਕ ਸਿਹਤ ਵਿੱਚ ਸੁਧਾਰ:** ਚਿੰਤਾ, ਤਣਾਅ ਅਤੇ ਉਦਾਸੀ ਨਾਲ ਜੂਝ ਰਹੇ ਲੋਕ ਸਮੇਂ ਸਿਰ ਸਹਾਇਤਾ ਪ੍ਰਾਪਤ ਕਰ ਸਕਦੇ ਹਨ, ਜਿਸ ਨਾਲ ਸਮੱਸਿਆਵਾਂ ਗੰਭੀਰ ਰੂਪ ਧਾਰਨ ਤੋਂ ਪਹਿਲਾਂ ਹੀ ਕਾਬੂ ਵਿੱਚ ਆ ਸਕਦੀਆਂ ਹਨ।

**ਰਿਸ਼ਤਿਆਂ ਨੂੰ ਮਜ਼ਬੂਤੀ**

ਪਰਿਵਾਰਕ ਸਲਾਹ-ਮਸ਼ਵਰਾ, ਵਿਆਹ ਸਬੰਧੀ ਕਾਊਂਸਲਿੰਗ ਅਤੇ ਰਿਸ਼ਤਿਆਂ ਦੀ ਥੈਰੇਪੀ ਰਾਹੀਂ ਲੋਕ ਆਪਣੇ ਸੰਚਾਰ ਹੁਨਰਾਂ ਨੂੰ ਵਧੀਆ ਬਣਾਉਂਦੇ ਹਨ ਅਤੇ ਆਪਸੀ ਟਕਰਾਅ ਘਟਾਉਂਦੇ ਹਨ।

**ਵਿਦਿਆਰਥੀਆਂ ਲਈ ਸਹਾਇਕ**

ਅਕਾਦਮਿਕ ਦਬਾਅ, ਸਮਾਜਿਕ ਤੁਲਨਾ, ਕੈਰੀਅਰ ਦੀ ਅਨਿਸ਼ਚਿਤਤਾ ਅਤੇ ਡਿਜ਼ੀਟਲ ਤਣਾਅ ਨਾਲ ਜੂਝ ਰਹੇ ਨੌਜਵਾਨਾਂ ਲਈ ਇਹ ਇੱਕ ਪ੍ਰਭਾਵਸ਼ਾਲੀ ਸਹਾਰਾ ਬਣ ਰਹੀ ਹੈ।

**ਬਜ਼ੁਰਗਾਂ ਲਈ ਵਰਦਾਨ**

ਇਕੱਲਾਪਣ, ਸੋਗ ਅਤੇ ਸਰੀਰਕ ਕਮਜ਼ੋਰੀ ਨਾਲ ਜੂਝ ਰਹੇ ਬਜ਼ੁਰਗ ਬਿਨਾਂ ਘਰੋਂ ਨਿਕਲੇ ਭਾਵਨਾਤਮਕ ਸਹਾਇਤਾ ਪ੍ਰਾਪਤ ਕਰ ਸਕਦੇ ਹਨ।

**ਕਾਰਜਸਥਲਾਂ ਵਿੱਚ ਮਾਨਸਿਕ ਸਿਹਤ ਦਾ ਉਤਸ਼ਾਹ**

ਕਈ ਸੰਸਥਾਵਾਂ ਆਪਣੇ ਕਰਮਚਾਰੀਆਂ ਲਈ ਆਨਲਾਈਨ ਕਾਊਂਸਲਿੰਗ ਸੇਵਾਵਾਂ ਮੁਹੱਈਆ ਕਰਵਾ ਰਹੀਆਂ ਹਨ, ਜਿਸ ਨਾਲ ਤਣਾਅ, ਥਕਾਵਟ ਅਤੇ ਕਾਰਜਸਥਲ ਸੰਬੰਧੀ ਟਕਰਾਅ ਘਟਦੇ ਹਨ।

ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ ਇਸ ਦੀ ਪ੍ਰਭਾਵਸ਼ੀਲਤਾ ਦੇ ਕਈ ਕਾਰਨ ਹਨ।

ਘਰ ਵਰਗੇ ਜਾਣ-ਪਛਾਣ ਵਾਲੇ ਮਾਹੌਲ ਵਿੱਚ ਬੈਠ ਕੇ ਗੱਲ ਕਰਨ ਨਾਲ ਵਿਅਕਤੀ ਵਧੇਰੇ ਆਰਾਮਦਾਇਕ ਮਹਿਸੂਸ ਕਰਦਾ ਹੈ। ਇਸ ਨਾਲ ਉਹ ਆਪਣੀਆਂ ਭਾਵਨਾਵਾਂ ਅਤੇ ਸਮੱਸਿਆਵਾਂ ਬਾਰੇ ਖੁੱਲ੍ਹ ਕੇ ਗੱਲ ਕਰ ਸਕਦਾ ਹੈ। ਇਸ ਦੇ ਨਾਲ-ਨਾਲ ਆਨਲਾਈਨ ਸੰਚਾਰ ਵਿਅਕਤੀ ਨੂੰ ਆਪਣੇ ਵਿਚਾਰਾਂ ਅਤੇ ਭਾਵਨਾਵਾਂ ਬਾਰੇ ਡੂੰਘਾਈ ਨਾਲ ਸੋਚਣ ਦਾ ਮੌਕਾ ਵੀ ਦਿੰਦਾ ਹੈ, ਜਿਸ ਨਾਲ ਸਵੈ-ਜਾਗਰੂਕਤਾ ਵਿੱਚ ਵਾਧਾ ਹੁੰਦਾ ਹੈ। ਭਾਵਨਾਤਮਕ ਸੰਕਟ ਦੇ ਸਮੇਂ ਤੁਰੰਤ ਮਦਦ ਉਪਲਬਧ ਹੋਣਾ ਵੀ ਇਸ ਦਾ ਇੱਕ ਮਹੱਤਵਪੂਰਨ ਲਾਭ ਹੈ। ਸਮੇਂ ਸਿਰ ਮਿਲੀ ਮਨੋਵਿਗਿਆਨਕ ਸਹਾਇਤਾ ਕਈ ਗੰਭੀਰ ਸਮੱਸਿਆਵਾਂ ਨੂੰ ਵੱਧਣ ਤੋਂ ਰੋਕ ਸਕਦੀ ਹੈ।

ਹਰ ਨਵੀਂ ਤਕਨੀਕ ਵਾਂਗ ਟੈਲੀਸਾਈਕੋਲੋਜੀ ਦੀਆਂ ਵੀ ਕੁਝ ਸੀਮਾਵਾਂ ਹਨ। ਸਭ ਤੋਂ ਪਹਿਲਾਂ, ਇਸ ਲਈ ਭਰੋਸੇਯੋਗ ਇੰਟਰਨੈੱਟ, ਉਚਿਤ ਡਿਜ਼ੀਟਲ ਉਪਕਰਨ ਅਤੇ ਤਕਨੀਕੀ ਜਾਣਕਾਰੀ ਦੀ ਲੋੜ ਹੁੰਦੀ ਹੈ। ਦੂਜਾ, ਮਨੋਵਿਗਿਆਨੀ ਅਕਸਰ ਸਰੀਰਕ ਹਾਵ-ਭਾਵ ਅਤੇ ਚਿਹਰੇ ਦੇ ਹਲਕੇ ਸੰਕੇਤਾਂ ਰਾਹੀਂ ਵੀ ਮਰੀਜ਼ ਦੀ ਮਨੋਸਥਿਤੀ ਨੂੰ ਸਮਝਦੇ ਹਨ, ਜੋ ਆਨਲਾਈਨ ਮਾਧਿਅਮ ਵਿੱਚ ਹਮੇਸ਼ਾਂ ਸਪਸ਼ਟ ਨਹੀਂ ਹੁੰਦੇ। ਇਸ ਤੋਂ ਇਲਾਵਾ, ਗੋਪਨੀਯਤਾ ਅਤੇ ਡਾਟਾ ਸੁਰੱਖਿਆ ਨੂੰ ਯਕੀਨੀ ਬਣਾਉਣਾ ਵੀ ਬਹੁਤ ਜ਼ਰੂਰੀ ਹੈ। ਕੁਝ ਗੰਭੀਰ ਮਨੋਰੋਗੀ ਸਥਿਤੀਆਂ ਅਤੇ ਐਮਰਜੈਂਸੀ ਮਾਮਲਿਆਂ ਵਿੱਚ ਰੂਬਰੂ ਇਲਾਜ ਜਾਂ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਰਹਿੰਦੀ ਹੈ। ਇਸ ਲਈ ਟੈਲੀਸਾਈਕੋਲੋਜੀ ਨੂੰ ਰਵਾਇਤੀ ਸੇਵਾਵਾਂ ਦਾ ਬਦਲ ਨਹੀਂ, ਸਗੋਂ ਉਨ੍ਹਾਂ ਦਾ ਪੂਰਕ ਮੰਨਿਆ ਜਾਣਾ ਚਾਹੀਦਾ ਹੈ।

ਆਉਣ ਵਾਲੇ ਸਮੇਂ ਵਿੱਚ ਕ੍ਰਿਤ੍ਰਿਮ ਬੁੱਧੀ (ਏਆਈ), ਵਰਚੁਅਲ ਰਿਐਲਿਟੀ, ਸਰੀਰਕ ਤੌਰ ਤੇ ਧਾਰਣ ਕਰਨ ਵਾਲੇ ਉਪਕਰਨਾਂ ਅਤੇ ਡਿਜ਼ੀਟਲ ਸਿਹਤ ਪਲੇਟਫਾਰਮਾਂ ਦੇ ਵਿਕਾਸ ਨਾਲ ਟੈਲੀਸਾਈਕੋਲੋਜੀ ਹੋਰ ਵੀ ਪ੍ਰਭਾਵਸ਼ਾਲੀ ਹੋ ਸਕਦੀ ਹੈ। ਭਵਿੱਖ ਵਿੱਚ ਵਿਅਕਤੀਗਤ ਮਾਨਸਿਕ ਸਿਹਤ ਨਿਗਰਾਨੀ, ਭਾਵਨਾਤਮਕ ਪ੍ਰਤੀਕਿਰਿਆਵਾਂ ਦਾ ਤੁਰੰਤ ਵਿਸ਼ਲੇਸ਼ਣ ਅਤੇ ਹੋਰ ਵਿਆਪਕ ਸੇਵਾਵਾਂ ਉਪਲਬਧ ਹੋਣ ਦੀ ਸੰਭਾਵਨਾ ਹੈ। ਫਿਰ ਵੀ, ਮਨੁੱਖੀ ਹਮਦਰਦੀ, ਭਰੋਸਾ ਅਤੇ ਥੈਰੇਪਿਸਟ-ਕਲਾਇੰਟ ਸੰਬੰਧ ਹਮੇਸ਼ਾਂ ਪ੍ਰਭਾਵਸ਼ਾਲੀ ਮਨੋਵਿਗਿਆਨਕ ਸੇਵਾਵਾਂ ਦਾ ਕੇਂਦਰ ਰਹਿਣਗੇ।

ਟੈਲੀਸਾਈਕੋਲੋਜੀ ਮਨੋਵਿਗਿਆਨ ਅਤੇ ਆਧੁਨਿਕ ਤਕਨੀਕ ਦਾ ਇੱਕ ਅਹਿਮ ਮੇਲ ਹੈ ਜਿਸ ਨੇ ਮਾਨਸਿਕ ਸਿਹਤ ਸੇਵਾਵਾਂ ਨੂੰ ਹੋਰ ਪਹੁੰਚਯੋਗ, ਸੁਵਿਧਾਜਨਕ ਅਤੇ ਲਚਕੀਲਾ ਬਣਾਇਆ ਹੈ। ਇਹ ਭਾਵਨਾਤਮਕ ਸਿਹਤ ਨੂੰ ਉਤਸ਼ਾਹਿਤ ਕਰਦੀ ਹੈ, ਰਿਸ਼ਤਿਆਂ ਨੂੰ ਮਜ਼ਬੂਤ ਬਣਾਉਂਦੀ ਹੈ ਅਤੇ ਉਨ੍ਹਾਂ ਲੋਕਾਂ ਤੱਕ ਵੀ ਮਦਦ ਪਹੁੰਚਾਉਂਦੀ ਹੈ ਜੋ ਪਹਿਲਾਂ ਇਸ ਤੋਂ ਵਾਂਝੇ ਰਹਿੰਦੇ ਸਨ। ਡਿਜ਼ੀਟਲ ਯੁੱਗ ਵਿੱਚ ਮਾਨਸਿਕ ਸਿਹਤ ਦੀਆਂ ਵੱਧਦੀਆਂ ਚੁਣੌਤੀਆਂ ਨੂੰ ਦੇਖਦੇ ਹੋਏ ਟੈਲੀਸਾਈਕੋਲੋਜੀ ਇੱਕ ਅਜਿਹਾ ਸਾਧਨ ਬਣ ਕੇ ਉਭਰੀ ਹੈ ਜੋ ਨਾ ਸਿਰਫ਼ ਮਾਨਸਿਕ ਸਿਹਤ ਸੇਵਾਵਾਂ ਦਾ ਵਿਸਤਾਰ ਕਰਦੀ ਹੈ, ਸਗੋਂ ਇੱਕ ਵਧੇਰੇ ਸਿਹਤਮੰਦ, ਸੰਤੁਲਿਤ ਅਤੇ ਭਾਵਨਾਤਮਕ ਤੌਰ 'ਤੇ ਮਜ਼ਬੂਤ ਸਮਾਜ ਦੀ ਉਸਾਰੀ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾ ਸਕਦੀ ਹੈ।



**ਸੁਰਿੰਦਰਪਾਲ ਸਿੰਘ**
**ਫੈਕਲਟੀ, ਵਿਗਿਆਨ ਵਿਭਾਗ**
**ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com